ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 19/07 ਜੁਲਾਈ 2019 – ਨਾਨਕਸ਼ਾਹੀ ਆਸਾੜ-ਸੌਣ 551

## ਇਤਿਹਾਸਿਕ ਦਿਹਾੜੇ

### ਜੁਲਾਈ ਅਤੇ ਅਗਸਤ

| | |
|---|---|
| ਸ਼ਹੀਦੀ ਭਾਈ ਮਨੀ ਸਿੰਘ ਜੀ | 9 ਜੁਲਾਈ |
| ਮੀਰੀ ਪੀਰੀ ਦਿਵਸ | 11 ਜੁਲਾਈ |
| ਸ਼ਹੀਦੀ ਭਾਈ ਤਾਰੂ ਸਿੰਘ | 16 ਜੁਲਾਈ |
| ਪ੍ਰਕਾਸ਼ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 26 ਜੁਲਾਈ |
| ਮੋਰਚਾ ਗੁਰੂ ਕਾ ਬਾਗ | 8 ਅਗਸਤ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 30 ਅਗਸਤ |
| ਪਹਿਲਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 31 ਅਗਸਤ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਸਾਵਣਿ ਸਰਸੀ ਕਾਮਣੀ ......॥ (ਜੀਵਨ - ਜੁਗਤਿ)

ਸਾਵਣਿ ਸਰਸੀ ਕਾਮਣੀ, ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ, ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ, ਮਿਲਿ ਸਾਧੂ ਪੀਵਣਹਾਰੁ ।
ਵਣੁ ਤਿਣੁ ਪ੍ਰਭ ਸੰਗਿ ਮਉਲਿਆ, ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ, ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ, ਹਉ ਤਿਨ ਕੈ ਸਦ ਬਲਿਹਾਰ ।
ਨਾਨਕ ਹਰਿ ਜੀ ਮਇਆ ਕਰਿ, ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ, ਜਿਨ ਰਾਮ ਨਾਮੁ ਉਰਿ ਹਾਰੁ ॥ ੬ ॥

(ਪੰਨਾ ੧੩੪)

ਪਦ ਅਰਥ :-ਸਾਵਣਿ-ਸਾਵਣ ਵਿਚ । ਸਰਸੀ -ਸ-ਰਸੀ, ਰਸ ਵਾਲੀ, ਹਰਿਆਵਲੀ । ਕਾਮਣੀ-ਜੀਵ-ਇਸਤ੍ਰੀ । ਸਚ ਰੰਗਿ-ਸੱਚੇ ਦੇ ਪਿਆਰ ਵਿਚ । ਆਧਾਰੁ-ਆਸਰਾ । ਬਿਖਿਆ ਰੰਗ-ਮਾਇਆ ਦੇ ਰੰਗ । ਦਿਸਨਿ-ਦਿੱਸਦੇ ਹਨ । ਛਾਰੁ-ਸੁਆਹ । ਸਾਧੂ-ਗੁਰੂ । ਪੀਵਣਹਾਰ-ਪੀਣ ਜੋਗਾ । ਤਿਣੁ-ਘਾਹ । ਮਉਲਿਆ-ਹਰਿਆ-ਭਰਿਆ । ਕਰਮਿ-ਮਿਹਰ ਨਾਲ । ਮਇਆ-ਦਇਆ । ਸਬਦਿ-ਸ਼ਬਦ ਦੀ ਰਾਹੀਂ । ਉਰਿ-ਹਿਰਦੇ ਵਿਚ ।

ਅਰਥ :- ਜਿਵੇਂ ਸਾਵਣ ਵਿਚ (ਵਰਖਾ ਨਾਲ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ, ਤਿਵੇਂ ਉਹ) ਜੀਵ-ਇਸਤ੍ਰੀ ਹਰਿਆਵਲੀ ਹੋ ਜਾਂਦੀ ਹੈ (ਭਾਵ, ਉਸ ਜੀਵ ਦਾ ਹਿਰਦਾ ਖਿੜ ਪੈਂਦਾ ਹੈ) ਜਿਸ ਦਾ ਪਿਆਰ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਬਣ ਜਾਂਦਾ ਹੈ । ਉਸ ਦਾ ਮਨ ਉਸ ਦਾ ਤਨ ਪਰਮਾਤਮਾ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ, ਪਰਮਾਤਮਾ ਦਾ ਨਾਮ ਹੀ (ਉਸ ਦੀ ਜ਼ਿੰਦਗੀ ਦਾ) ਆਸਰਾ ਬਣ ਜਾਂਦਾ ਹੈ, ਮਾਇਆ ਦੇ ਨਾਸਵੰਤ ਕੌਤਕ ਉਸ ਨੂੰ ਸਾਰੇ ਸੁਆਹ ( ਨਿਕੰਮੇ) ਦਿਸਦੇ ਹਨ । (ਸਾਵਣ ਵਿਚ ਜਿਵੇਂ ਵਰਖਾ ਦੀ ਬੂੰਦ ਸੋਹਣੀ ਲੱਗਦੀ ਹੈ, ਤਿਵੇਂ ਪ੍ਰਭੂ-ਚਰਨਾਂ ਦੇ ਪਿਆਰ ਵਾਲੇ ਬੰਦੇ ਨੂੰ) ਹਰੀ ਦੇ ਨਾਮ ਦੀ ਆਤਮਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲੱਗਦੀ ਹੈ, ਗੁਰੂ ਨੂੰ ਮਿਲ ਕੇ ਉਹ ਮਨੁੱਖ ਉਸ ਬੂੰਦ ਨੂੰ ਪੀਣ ਜੋਗਾ ਹੋ ਪੈਂਦਾ ਹੈ (ਪ੍ਰਭੂ ਦੀ ਵਡਿਆਈ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਭੀ ਉਸ ਨੂੰ ਮਿੱਠੀਆਂ ਲੱਗਦੀਆਂ ਹਨ, ਗੁਰੂ ਨੂੰ ਮਿਲ ਕੇ ਬੜੇ ਸ਼ੌਕ ਨਾਲ ਸੁਣਦਾ ਹੈ) ।

ਜਿਸ ਪ੍ਰਭੂ ਦੇ ਮੇਲ ਨਾਲ ਸਾਰਾ ਜਗਤ (ਬਨਸਪਤੀ ਆਦਿਕ) ਹਰਿਆ-ਭਰਿਆ ਹੋਇਆ ਹੈ, ਜੋ ਪ੍ਰਭੂ ਸਭ ਕੁਝ ਕਰਨ ਜੋਗਾ ਹੈ ਵਿਆਪਕ ਹੈ ਤੇ ਬੇਅੰਤ ਹੈ, ਉਸ ਨੂੰ ਮਿਲਣ ਵਾਸਤੇ ਮੇਰਾ ਮਨ ਭੀ ਤਾਂਘਦਾ ਹੈ, ਪਰ ਉਹ ਪ੍ਰਭੂ ਆਪ ਹੀ ਆਪਣੀ ਮਿਹਰ

ਨਾਲ ਮਿਲਾਣ ਦੇ ਸਮਰੱਥ ਹੈ । ਮੈਂ ਉਹਨਾਂ ਗੁਰਸੁਖ ਸਹੇਲੀਆਂ ਤੋਂ ਸਦਕੇ ਹਾਂ, ਸਦਾ ਕੁਰਬਾਨ ਹਾਂ ਜਿੰਨ੍ਹਾਂ ਨੇ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ ।

ਹੇ ਨਾਨਕ ! (ਬੇਨਤੀ ਕਰ ਤੇ ਆਖ–) ਹੇ ਪ੍ਰਭੂ ! ਮੇਰੇ ਉੱਤੇ ਮਿਹਰ ਕਰ ਤੂੰ ਆਪ ਹੀ ਗੁਰੂ ਦੇ ਸ਼ਬਦ ਦੀ ਰਾਹੀਂ (ਮੇਰੀ ਜਿੰਦ ਨੂੰ) ਸਵਾਰਨ ਜੋਗਾ ਹੈਂ ।

ਸਾਵਣ ਦਾ ਮਹੀਨਾ ਉਹਨਾਂ ਭਾਗਾਂ ਵਾਲੀਆਂ (ਜੀਵ–ਇਸਤ੍ਰੀਆਂ) ਵਾਸਤੇ (ਖੇੜਾ ਤੇ ਠੰਢ ਲਿਆਉਣ ਵਾਲਾ) ਹੈ ਜਿਨ੍ਹਾਂ ਨੇ ਆਪਣੇ ਹਿਰਦੇ (ਰੂਪ ਗਲ) ਵਿਚ ਪਰਮਾਤਮਾ ਦਾ ਨਾਮ (ਰੂਪ) ਹਾਰ ਪਾਇਆ ਹੋਇਆ ਹੈ । ੬ ।

## ਗਾਥਾ ਅੱਠਵੇਂ ਸਤਿਗੁਰੂ ਦੀ ਜਿਸ ਡਿਠੈ ਸਭ ਦੁੱਖ ਜਾਇ

**ਗਿ: ਜਸਵੰਤ ਸਿੰਘ ਪ੍ਰਵਾਨਾ**

ਇਹ ਜ਼ਰੂਰੀ ਨਹੀਂ ਕਿ ਜਿਹੜੀਆਂ ਚੀਜ਼ਾਂ ਅਕਾਰ ਵਿੱਚ ਵੱਡੀਆਂ ਹੋਣ ਉਹੀ ਕੀਮਤੀ ਹੁੰਦੀਆਂ ਹਨ । ਜਾਂ ਜਿਹੜੇ ਬੰਦੇ ਉਮਰ ਕਰਕੇ ਵੱਡੇ ਹੋਣ ਉਹੀ ਸਿਆਣੇ ਹੁੰਦੇ ਹਨ । ਜਾਂ ਜਿਹੜੇ ਬੰਦੇ ਕੱਦ ਕਰਕੇ ਲੰਮੇ ਜਾਂ ਮੋਟੇ ਹੋਣ ਉਹੀ ਤਾਕਤਵਰ ਹੁੰਦੇ ਹਨ ।

ਹੀਰਾ ਅਕਾਰ ਵਿੱਚ ਬਹੁਤ ਛੋਟਾ ਹੈ ਪਰ ਸੰਸਾਰ ਵਿੱਚ ਧੰਨ ਦੇ ਜਿੰਨੇ ਰੂਪ ਹਨ ਸਭ ਤੋਂ ਕੀਮਤੀ ਹੀਰਾ ਹੈ । ਹੀਰਾ ਛੋਟੇ ਹੁੰਦੇ ਵੀ ਜੇ ਕੀਮਤੀ ਹੈ ਤਾਂ ਫਿਰ ਇਹ ਭਰਮ ਵੀ ਕਦੀ ਮਨ ਵਿੱਚ ਨਹੀਂ ਰੱਖਣਾ ਚਾਹੀਦਾ ਕਿ ਛੋਟੀ ਉਮਰ ਦਾ ਮਨੁੱਖ ਸਿਆਣਾ ਨਹੀਂ ਹੋ ਸਕਦਾ ।

ਕੁਝ ਸ਼ੰਕਾਵਾਦੀਆਂ ਇਸ ਗੱਲ ਤੇ ਕਿੰਤੂ ਕੀਤਾ ਹੈ ਕਿ ਪੰਜ ਸਾਲ ਦਾ ਬੱਚਾ ਸਿੱਖ ਕੌਮ ਦੀ ਕਿਵੇਂ ਅਗਵਾਈ ਕਰ ਸਕਦਾ ਹੈ । ਪਰ ਕਦੀ ਉਨ੍ਹਾਂ ਇਹ ਵੇਖਿਆ ਹੁੰਦਾ ਕਿ ਜਿਸ ਸਤਿਗੁਰੂ ਹਰਿਕਿਸ਼ਨ ਸਾਹਿਬ ਜੀ ਨੂੰ ਉਹ ਬੱਚਾ ਕਹਿ ਰਹੇ ਹਨ ਉਨ੍ਹਾਂ ਕੌਮ ਦੀ ਠੀਕ ਅਗਵਾਈ ਕੀਤੀ ਹੈ ਜਾਂ ਨਹੀਂ ? ਪਹਿਲੀ ਸਮਝਣ ਵਾਲੀ ਗੱਲ ਇਹ ਹੈ ਕਿ ਸਿੱਖ ਧਰਮ ਵਿੱਚ ਸਰੀਰ ਨੂੰ ਗੁਰੂ ਨਹੀਂ ਕਿਹਾ ਗਿਆ । ਜੋਤਿ ਹੀ ਗੁਰੂ ਹੈ, ਉਹ ਜੋਤਿ ਸ਼ਬਦ ਹੈ । ਕੋਈ ਸਰੀਰ ਦੀ ਉਮਰ ਨਹੀਂ ਨਿਸ਼ਚਤ ਕੀਤੀ ਗਈ ਕਿ ਏਨੇ ਕੁ ਸਾਲਾਂ ਦਾ ਗੁਰੂ ਬਣ ਸਕਦਾ ਹੈ । ਜੇ ਇਹ ਮਿਥਿਆ ਜਾਏ ਕਿ ਇੰਨੇ ਕੁ ਸਾਲਾਂ ਦਾ ਗੁਰੂ ਬਣਨ ਦੇ ਯੋਗ ਹੈ ਤਾਂ ਫਿਰ ਇਹ ਵੀ ਮਿੱਥਣਾ ਪਵੇਗਾ ਕਿ ਏਨੇ ਕੁ ਸਾਲਾਂ ਦਾ ਹੋ ਕੇ ਗੁਰੂ ਨੂੰ ਸੇਵਾ–ਮੁਕਤ ਹੋਣਾ ਪਵੇਗਾ । ਇਹ ਕੋਈ ਗੌਰਮਿੰਟ ਦੀ ਸਰਵਿਸ ਨਹੀਂ, ਇਹ ਤਾਂ ਰੱਬ ਦੀ ਰਹਿਮਤ ਹੈ । ਕਿਸੇ ਵੇਲੇ, ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ । ਬਚਪਨ ਵਿੱਚ ਹੋ ਸਕਦੀ ਹੈ, ਜਵਾਨੀ ਵਿੱਚ ਹੋ ਸਕਦੀ ਹੈ, ਬੁਢਾਪੇ ਵਿੱਚ ਹੋ ਸਕਦੀ ਹੈ । ਐਸਾ ਹੋਇਆ ਹੈ । ਗੁਰੂ ਹਰਿਕ੍ਰਿਸ਼ਨ ਜੀ ਨੂੰ ਬਚਪਨ ਵਿੱਚ ਹੀ ਬਖ਼ਸ਼ਸ਼ ਹੋਈ । ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਚਪਨ ਵਿੱਚ ਹੀ ਬਖ਼ਸ਼ਸ਼ ਹੋਈ ਸੀ । ਗੁਰੂ ਹਰਿ ਰਾਇ ਸਾਹਿਬ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਅੰਗਦ ਦੇਵ ਜੀ ਨੂੰ ਜੁਆਨੀ ਵਿੱਚ ਹੀ ਬਖਸ਼ਸ਼ ਹੋਈ ਸੀ । ਗੁਰੂ

ਅਮਰਦਾਸ ਜੀ ਨੂੰ ਬਜ਼ੁਰਗੀ ਵਿੱਚ ਇਹ ਦਾਤ ਪ੍ਰਾਪਤ ਹੋਈ ਸੀ। ਇਹ ਤਾਂ ਮਾਲਕ ਦੀ ਮਿਹਰ ਹੈ ਤੇ ਜਦੋਂ ਉਸਦੀ ਮਿਹਰ ਹੁੰਦੀ ਹੈ ਉਹ ਉਮਰਾਂ ਨਹੀਂ ਵੇਖਦੀ। ਉਹ ਵੱਡੇ ਛੋਟੇ ਸਰੀਰ ਨਹੀਂ ਵੇਖਦੀ। ਉਹ ਬਰਕਤ ਜਿਥੇ ਆ ਵਸਦੀ ਹੈ ਉਹ ਛੋਟਿਆਂ ਨੂੰ ਵੱਡੇ ਬਣਾ ਦੇਂਦੀ ਹੈ। ਜ਼ੱਰੇ ਨੂੰ ਸੂਰਜ ਬਣਾ ਦੇਂਦੀ ਹੈ। ਉਹ ਬਰਕਤ ਜਦੋਂ ਬਜ਼ੁਰਗੀ ਵਿੱਚ ਆਉਂਦੀ ਹੈ ਜਵਾਨਾਂ ਵਾਲਾ ਬਲ ਭਰ ਦਿੰਦੀ ਹੈ। ਜਦੋਂ ਬਾਲ ਅਵਸਥਾ ਵਿੱਚ ਪ੍ਰਾਪਤ ਹੁੰਦੀ ਹੈ ਤਾਂ ਬਜ਼ੁਰਗੀ ਦੀਆਂ ਸਾਰੀਆਂ ਵਡਿਆਈਆਂ ਨਾਲ ਲੈ ਆਉਂਦੀ ਹੈ। ਕੁਝ ਬੱਚਿਆਂ ਦਾ ਮਿਥਿਹਾਸ ਤੇ ਇਤਿਹਾਸ ਵਿੱਚ ਜ਼ਿਕਰ ਹੈ ਜਿਨ੍ਹਾਂ ਨੇ ਬਾਲ ਅਵਸਥਾ ਵਿੱਚ ਹੀ ਬੜੀਆਂ ਸਿਆਣੀਆਂ ਗੱਲਾਂ ਕੀਤੀਆਂ। ਨਾਮ ਜਪਿਆ ਤੇ ਉਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਵੀ ਹੋਈ। ਕੰਠ ਉਪਨਿਸ਼ਦ ਵਿੱਚ ਨਚਕੇਤਾ ਬਾਰੇ ਲਿਖਿਆ ਹੈ ਕਿ ਬਾਪ ਗਊਆਂ ਦਾਨ ਕਰਦਾ ਸੀ। ਬੱਚੇ ਨੇ ਕਿਹਾ, ਤੇਰਾ ਕਰਮ ਬਿਰਥਾ ਹੈ ਜੋ ਗਊਆਂ ਨੂੰ ਦਾਨ ਕਰਦਾ ਹੈ। ਇਹ ਬੀਮਾਰ ਹਨ, ਕਿਸੇ ਕੰਮ ਦੀਆਂ ਨਹੀਂ। ਬਾਪ ਨੂੰ ਗ਼ੁੱਸਾ ਲੱਗਾ। ਇਸ ਨੇ ਕਿਹਾ ਦਾਨ ਹੀ ਕਰਨਾ ਹੈ ਤਾਂ ਮੈਨੂੰ ਦਾਨ ਕਰ ਦੇ। ਬਾਪ ਨੇ ਗ਼ੁੱਸੇ ਵਿੱਚ ਕਿਹਾ ਕਿ ਮੈਂ ਤੈਨੂੰ ਮੌਤ ਨੂੰ ਦਾਨ ਕਰਦਾ ਹਾਂ। ਇਹ ਬੱਚਾ ਜਮ ਕੋਲ ਗਿਆ ਤੇ ਬ੍ਰਹਮ ਗਿਆਨ ਬਾਰੇ ਪੁੱਛਦਾ ਹੈ। ਜਮ ਬੜੇ ਲਾਲਚ ਦਿੰਦਾ ਹੈ। ਰਾਜ ਦਾ, ਚੰਗੇ ਜਨਮ ਦਾ ਸਵਰਗ ਦਾ ਪਰ ਇਹ ਕਹਿੰਦਾ ਹੈ ਤੇਰੇ ਤੋਂ ਪਾਰ ਕੀ ਹੈ, ਜਿਸ ਨੂੰ ਤੂੰ ਵੀ ਨਹੀਂ ਮਾਰ ਸਕਦਾ। ਮੇਰੇ ਨਾਲ ਉਸ ਦੀ ਗੱਲ ਕਰ, ਐਸੇ ਬੱਚੇ ਵੀ ਹੋਏ ਹਨ।

**ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ ॥**

**ਮਾਰੂ (ਮ: ੫) – ਅੰਗ ੯੯੯**

ਪੰਜਾਂ ਸਾਲਾਂ ਦਾ ਧ੍ਰੂ। ਅੱਜ ਵੀ ਅਸੀਂ ਅਕਾਸ਼ ਵਿੱਚ ਇੱਕ ਤਾਰਾ ਹੈ ਜਿਸ ਨੂੰ ਧ੍ਰੂ ਤਾਰਾ ਕਹਿੰਦੇ ਹਾਂ। ਬਾਕੀ ਤਾਰੇ ਆਪਣੀ ਥਾਂ ਤੇ ਸਦਾ ਨਹੀਂ ਦਿਸਦੇ ਪਰ ਉਹ ਤਾਰਾ ਇੱਕੋ ਥਾਂ ਤੇ ਅਟੱਲ ਨਜ਼ਰ ਆਉਂਦਾ ਹੈ। ਉਸਦਾ ਨਾਂ ਹੀ ਧ੍ਰੂ ਤਾਰਾ ਹੈ, ਧ੍ਰੂ ਇਹ ਤਾਰਾ ਹੋਵੇ ਜਾਂ ਨਾ ਇਹ ਵਿਚਾਰਨ ਵਾਲੀ ਗੱਲ ਹੈ, ਪਰ ਇਹ ਸੱਚ ਹੈ ਕਿ ਇਸ ਤਾਰੇ ਦੀ ਵਡਿਆਈ ਧ੍ਰੂ ਕਰਕੇ ਬਣ ਗਈ ਹੈ। ਛੋਟੀ ਉਮਰ ਦਾ ਪ੍ਰਹਿਲਾਦ ਨਾਮ ਦੀ ਗੱਲ ਕਰਦਾ ਹੈ, ਜਪਦਾ ਹੈ, ਨਿਰਭੈ ਹੋ ਕੇ ਜਪਦਾ ਹੈ। ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ, ਉਹ ਬੱਚਾ ਜਗਤ ਪ੍ਰਸਿੱਧ ਭਗਤ ਹੋ ਜਾਂਦਾ ਹੈ। ਬਾਬਾ ਫ਼ਰੀਦ ਜੀ ਨੂੰ ਬਚਪਨ ਵਿੱਚ ਹੀ ਇਹ ਅਨੁਭਵ ਹੋ ਗਿਆ ਸੀ ਕਿ

**ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ ॥**
**ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥੨੭॥**

**ਸਲੋਕ (ਭ. ਫਰੀਦ) – ਅੰਗ ੧੩੭੯**

ਕਬੀਰ ਸਾਹਿਬ ਬਚਪਨ ਵਿੱਚ ਹੀ ਬ੍ਰਹਮ ਗਿਆਨੀ ਸਨ। ਕਈ ਵਾਰ ਬੱਚੇ ਵੀ ਐਸੀ ਗੱਲ ਕਰਦੇ ਹਨ ਕਿ ਬਜ਼ੁਰਗ ਵਿਦਵਾਨ ਵੀ ਹੈਰਾਨ ਹੋ ਜਾਂਦੇ ਹਨ। ਸ਼ਾਇਦੀ

ਇੱਕ ਦਿਨ ਸਫਰ ਵਿੱਚ ਹਨ ਕਿ ਇੱਕ ਬੱਚਾ ਆ ਗਿਆ। ਕੋਲ ਆ ਕੇ ਪੁੱਛਣ ਲੱਗਾ ਬਾਬਾ ਜੀ! ਤੁਸੀਂ ਹੈਰਾਨ ਤੇ ਪ੍ਰੇਸ਼ਾਨ ਲਗਦੇ ਹੋ ਕੀ ਕਾਰਨ ਹੈ। ਸ਼ਾਅਦੀ ਨੇ ਕਿਹਾ ਬੇਟਾ! ਤੂੰ ਠੀਕ ਬੁਝਿਆ ਹੈ ਮੇਰੇ ਪਾਸ ਇੱਕ ਟਕਾ ਹੈ। ਮੈਂ ਸੋਚ ਰਿਹਾ ਹਾਂ ਮੈਂ ਵੀ ਭੁੱਖਾ ਹਾਂ ਮੇਰਾ ਗਧਾ ਵੀ ਭੁੱਖਾ ਹੈ, ਮੇਰਾ ਮੁਰਗਾ ਵੀ ਭੁੱਖਾ ਹੈ। ਮੈਂ ਕੀ ਕਰਾਂ? ਟਕੇ ਦਾ ਕੀ ਆਏਗਾ? ਬੱਚੇ ਨੇ ਹੱਸ ਕੇ ਕਿਹਾ ਬਾਬਾ ਤੂੰ ਤਾਂ ਬਿਲਕੁਲ ਹੀ ਬੱਚਿਆਂ ਵਾਲੀ ਗੱਲ ਕਰਦਾ ਹੈ। ਟਕੇ ਦੇ ਹਦਵਾਣੇ ਖਰੀਦ, ਵਿਚੋਂ ਆਪ ਖਾਹ ਬੀਜ ਆਪਣੇ ਮੁਰਗੇ ਨੂੰ ਪਾ ਤੇ ਛਿਲੜ ਗਧੇ ਨੂੰ ਪਾ ਤੇ ਰੱਜ ਕੇ ਅੱਗੇ ਜਾ। ਸ਼ਾਅਦੀ ਨੇ ਉਸ ਧਰਤੀ ਨੂੰ ਸਜਦਾ ਕੀਤਾ ਤੇ ਕਿਹਾ ਇੱਥੇ ਸਿਆਣੇ ਵਸਦੇ ਹਨ। ਠੀਕ ਬਾਰਾਂ ਸਾਲ ਦੀ ਉਮਰ ਵਿੱਚ ਭਾਈ ਬੂੜੇ ਨੇ ਗੁਰੂ ਨਾਨਕ ਦੇਵ ਦੇ ਚਰਨ ਪਰਸ ਕੇ ਪ੍ਰਸ਼ਨ ਕੀਤਾ ਸੀ ਤੇ ਪੁੱਛਿਆ ਸੀ ਕਿ ਬਾਬਾ ਜੀ! ਮੌਤ ਦਾ ਭੈਅ ਕਿਵੇਂ ਮੁੱਕੇ? ਸਤਿਗੁਰਾਂ ਇਸ ਦਾ ਨਾਂ ਹੀ ਬੁੱਢਾ ਰੱਖ ਦਿੱਤਾ ਸੀ। ਕਿਉਂਕਿ ਇਹ ਪ੍ਰਸ਼ਨ ਬੱਚਿਆਂ ਦਾ ਨਹੀਂ ਸੀ ਬਜ਼ੁਰਗਾਂ ਦਾ ਹੈ। ਤੇ ਜਿਸ ਹਿਰਦੇ ਵਿਚੋਂ ਇਹ ਪ੍ਰਸ਼ਨ ਨਿਕਲਿਆ ਹੈ ਉੱਥੇ ਜ਼ਰੂਰ ਬਜ਼ੁਰਗੀ ਛਿਪੀ ਪਈ ਹੈ। ਧੰਨ ਗੁਰੂ ਰਾਮਦਾਸ ਬਚਪਨ ਵਿੱਚ ਹੀ ਸੇਵਾ ਸਿਮਰਨ ਵਿੱਚ ਲੱਗ ਗਏ ਸਨ। ਗੁਰੂ ਅਰਜਨ ਦੇਵ ਛੋਟੀ ਉਮਰ ਵਿੱਚ ਹੀ ਬ੍ਰਹਮਲੀਨ ਰਹਿੰਦੇ ਸਨ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਬਾਰੇ ਇਹ ਕਿੰਤੂ ਵਿਅਰਥ ਹੋ ਜਾਵੇਗਾ ਜਦੋਂ ਕੋਈ ਸਿਆਣਾ ਧਿਆਨ ਨਾਲ ਵੇਖੇਗਾ ਕਿ ਗੱਲ ਉਮਰ ਦੀ ਨਹੀਂ। ਗੱਲ ਬਰਕਤ ਦੀ ਹੈ। ਗੱਲ ਛੋਟੇ ਵੱਡੇ ਦੀ ਨਹੀਂ ਗਲ ਵਿਵੇਕ ਦੀ ਹੈ। ਬਚਪਨ ਵਿੱਚ ਹੀ ਉਹ ਪ੍ਰਮਾਤਮਾ ਦੇ ਧਿਆਨ ਵਿੱਚ ਬੈਠਦੇ ਹਨ ਤੇ ਅਡੋਲ ਟਿਕ ਕੇ ਬਾਣੀ ਪੜ੍ਹਦੇ ਹਨ। ਉਹ ਗੁਰੂ ਦੀ ਰਜ਼ਾ ਵਿੱਚ ਰਹਿੰਦੇ ਸਨ। ਵੱਡੇ ਛੋਟੇ ਦੀ ਗੱਲ ਵੇਖਣੀ ਹੈ ਤਾਂ ਵੇਖੋ ਕਿ ਰਾਮ ਰਾਇ ਵੱਡਾ ਹੁੰਦਾ ਵੀ ਖਿੜਕ ਗਿਆ ਪਰ ਉਹ ਛੋਟੇ ਹੁੰਦੇ ਵੀ ਅਡੋਲ ਰਹੇ ਹਨ।

ਦਿੱਲੀ ਨੂੰ ਜਾਂਦੇ ਰਸਤੇ ਵਿੱਚ ਪੰਡਤ ਲਾਲ ਚੰਦ ਪ੍ਰਸ਼ਨ ਕਰਦਾ ਹੈ ਤੁਸੀਂ ਜੇ ਨਾਂ ਹਰਿਕ੍ਰਿਸ਼ਨ ਰਖਵਾਇਆ ਹੈ ਤਾਂ ਗੀਤਾ ਦੇ ਅਰਥ ਕਰੋ। ਸਤਿਗੁਰੂ ਕਹਿੰਦੇ ਹਨ ਅਰਥਾਂ ਨਾਲ ਕੀ ਹੋਵੇਗਾ? ਪੰਡਤ ਦੇ ਪਾਸ ਸਿਰਫ ਹੰਕਾਰ ਹੈ। ਇਸੇ ਲਈ ਅਰਥਾਂ ਦੇ ਹੰਕਾਰੀਆਂ ਨੇ ਸਿਰਫ ਹੰਕਾਰ ਹੀ ਵੰਡਿਆ ਹੈ। ਐਸੇ ਪੰਡਿਤਾਂ ਦੇ ਸ੍ਰੋਤੇ ਵੀ ਹੰਕਾਰੀ ਹੋ ਜਾਂਦੇ ਹਨ। ਪੰਡਿਤ ਦੇ ਪਾਸ ਪ੍ਰੇਮ ਨਹੀਂ, ਨਿਮਰਤਾ ਨਹੀਂ, ਸਿਰਫ ਹਉਮੈ ਹੈ। ਸਤਿਗੁਰੂ ਇੱਕ ਝੀਵਰ ਦੇ ਸਿਰ ਤੇ ਛੜੀ ਰੱਖ ਕੇ ਗੀਤਾ ਦੇ ਅਰਥ ਕਰਵਾ ਦਿੰਦੇ ਹਨ ਤੇ ਪੰਡਿਤ ਨੂੰ ਸਮਝਾ ਦਿੰਦੇ ਹਨ ਵਿਦਿਆ ਸਾਧਨ ਹੈ, ਮੰਤਵ ਨਹੀਂ। ਪ੍ਰਮਾਤਮਾ ਦੀ ਪ੍ਰਾਪਤੀ ਗਿਆਨ ਪੜ੍ਹਨ ਨਾਲ ਨਹੀਂ, ਗਿਆਨ ਹੋ ਜਾਣ ਨਾਲ ਹੋਵੇਗੀ। ਤੇ ਗਿਆਨ ਹੁੰਦਾ ਤਾਂ ਹੀ ਹੈ ਜੇ ਗੁਰੂ ਦੀ ਬਖਸ਼ਸ਼ ਹੋਵੇ। ਪੰਡਤ ਦਾ ਹੰਕਾਰ ਤੋੜ ਦਿੱਤਾ ਤੇ ਨਾਮ ਦੀ ਦਾਤ ਦੇ ਦਿੱਤੀ। ਪਟਰਾਣੀ ਪ੍ਰੀਖਿਆ ਲੈਂਦੀ ਹੈ। ਸਤਿਗੁਰੂ ਗੋਲੀਆਂ ਵਿਚੋਂ ਮਿਰਜ਼ਾ ਰਾਜਾ ਜੈ ਸਿੰਘ ਦੀ ਪਟਰਾਣੀ ਨੂੰ ਪਛਾਣ ਕੇ ਕਹਿੰਦੇ ਹਨ ਕੋਈ ਪਿਛਲਾ ਬੀਜਿਆ ਹੀ ਵੱਧ ਰਹੀ ਹੈ ਜੇ ਹੁਣ ਨਾਮ ਨਾ

ਜਪਿਆ ਤਾਂ ਅੱਗੋਂ ਗੋਲੀਆਂ ਵਿੱਚ ਹੀ ਬਹਿਣਾ ਪਵੇਗਾ । ਨਾਮ ਜਪਿਆ ਕਰ । ਔਰੰਗਜ਼ੇਬ ਨੂੰ ਦਰਸ਼ਨ ਨਹੀਂ ਦਿੱਤੇ । ਸਾਫ਼ ਕਹਿ ਦਿੱਤਾ ਕਿ ਕਰਾਮਾਤਾਂ ਵੇਖਣੀਆਂ ਹਨ ਤਾਂ ਰਾਮ ਰਾਇ ਪਾਸੋਂ ਵੇਖੇ । ਗੁਰ ਸ਼ਬਦ ਦੇ ਦਰਸ਼ਨ ਕਰਨੇ ਹਨ ਤਾਂ ਲਿਖ ਕੇ ਭੇਜ ਦਿੰਦੇ ਹਾਂ । ਛੋਟਾ ਬੱਚਾ ਤਾਂ ਜ਼ਰਾ ਤਕਲੀਫ ਹੋਵੇ ਤਾਂ ਦੂਸਰੇ ਨੂੰ ਪੁਕਾਰਦਾ ਹੈ ਕਿ ਮੇਰੀ ਸਹਾਇਤਾ ਕਰੋ ਪਰ ਉਹ ਤਾਂ ਜਗਤ ਦਾ ਦੁੱਖ ਆਪਣੇ ਸਿਰ ਤੇ ਲੈ ਲੈਂਦੇ ਹਨ । ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਸਹੀ ਵਿਆਖਿਆ ਕਰਦਾ ਹੈ ਕਿ ਰਾਮ ਰਾਇ ਦੇ ਮੱਥੇ ਲੱਗਣ ਵਾਲਾ ਤਾਂ ਸਿੱਖੀ ਤੋਂ ਦੂਰ ਹੋ ਕੇ ਦੁਖੀ ਹੁੰਦਾ ਹੈ ਪਰ –

**ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੈ ਸਭ ਦੁੱਖ ਜਾਇ ॥**

ਉਨ੍ਹਾਂ ਦੇ ਦਰਸ਼ਨਾਂ ਵਿਚੋਂ ਜਗਤ ਨੂੰ ਸੁੱਖ ਮਿਲਿਆ ਹੈ । ਉਹ ਕਿੰਨੇ ਬਰਕਤ ਵਾਲੇ ਸਨ । ਜਿੱਥੇ ਉਨ੍ਹਾਂ ਨੇ ਚਰਨ ਪਾਏ ਹਨ ਉਸ ਥਾਂ ਦੀ ਵੀ ਮਹਿਮਾ ਬਣ ਗਈ ਹੈ । ਪਹਿਲੇ ਇਹ ਥਾਂ ਮਿਰਜ਼ਾ ਰਾਜਾ ਜੈ ਸਿੰਘ ਦਾ ਬੰਗਲਾ ਜ਼ਰੂਰ ਸੀ ਪਰ ਕੋਈ ਬੰਗਲਾ ਸਾਹਿਬ ਨਹੀਂ ਸੀ ਕਹਿੰਦਾ ।

ਪਰ ਸਾਹਿਬ ਆ ਗਏ ਤੇ ਇਸ ਥਾਂ ਨਾਲ ਵੀ ਸਾਹਿਬੀ ਜੁੜ ਗਈ ਹੈ । ਅੱਜ ਸੰਗਤਾਂ ਕਹਿੰਦੀਆਂ ਹਨ ਬੰਗਲਾ ਸਾਹਿਬ । ਕੁਝ ਸਿਆਣਿਆਂ ਦਾ ਮੱਤ ਹੈ ਕਿ ਮਹਾਂਪੁਰਖ ਜਗਤ ਦੇ ਵਿਚਕਾਰ ਬੈਠ ਕੇ ਸੁੱਖ ਵੰਡਦੇ ਹਨ ਪਰ ਜਗਤ ਦੇ ਦੁੱਖਾਂ ਨੂੰ ਲੈ ਕੇ ਜਗਤ ਤੋਂ ਬਾਹਰਵਾਰ ਕਿਨਾਰੇ ਹੋ ਕੇ ਸਮਾਂ ਬਿਤਾ ਦਿੰਦੇ ਹਨ । ਉਨ੍ਹਾਂ ਵੀ ਦੁਨੀਆਂ ਨੂੰ ਖੁਸ਼ੀਆਂ ਦਿੱਲੀ ਦੇ ਵਿੱਚ ਬੈਠ ਕੇ ਵੰਡੀਆਂ । ਅਤੇ ਦਿੱਲੀ ਦੇ ਦੁੱਖ ਲੈ ਕੇ ਦਿੱਲੀ ਤੋਂ ਬਾਹਰਵਾਰ ਬਾਲਾ ਸਾਹਿਬ ਜਾ ਕੇ ਸਰੀਰ ਚੋਲਾ ਛੱਡ ਦਿੱਤਾ । ਜੋ ਉਨ੍ਹਾਂ ਜੋ ਅੰਤ ਵਿੱਚ ਕਿਹਾ ਸੀ ਇਹ ਕਿਸੇ ਬੱਚੇ ਦੀ ਚੋਣ ਹੋ ਸਕਦੀ ਹੈ ? ਉਨ੍ਹਾਂ ਸੰਗਤਾਂ ਨੂੰ ਮੁਖਾਤਬ ਕਰਕੇ ਕਿਹਾ –

ਹੁਣ ਬਾਬਾ ਬਕਾਲੇ ।

ਬਾਬਾ ਸਨ ਗੁਰੂ ਤੇਗ਼ ਬਹਾਦਰ ਸਾਹਿਬ । ਗੁਰੂ ਹਰਿਕ੍ਰਿਸ਼ਨ ਜੀ ਬਰਕਤਾਂ ਵਾਲੇ ਸਨ । ਉਨ੍ਹਾਂ ਦਾ ਬਚਨ ਅਟੱਲ ਸੀ, ਅਟੱਲ ਹੀ ਹੋਇਆ ।

ਇਹ ਬਰਕਤਾਂ ਵੇਖ ਕੇ ਕਹਿਣਾ ਹੀ ਪਵੇਗਾ ਕਿ ਗੁਰੂ ਸਰੀਰ ਨਹੀਂ । ਗੁਰੂ ਜੋਤਿ ਹੈ, ਗੁਰੂ ਸ਼ਬਦ ਹੈ, ਸ਼ਬਦ ਹੀ ਗੁਰੂ ਦੀ ਜੋਤਿ ਹੈ ।

ਗੁਰੂ ਦੇ ਬਚਨ ਦੀ ਉਮਰ ਨਹੀਂ ਮਿੱਥੀ ਜਾ ਸਕਦੀ । ਇਸਦਾ ਵਿਸਥਾਰ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਹੀਰਾ ਹੱਥ ਵਿੱਚ ਛੋਟਾ ਜਾਪਦਾ ਹੈ ਪਰ ਮੁੱਲ ਕਰੀਏ ਤਾਂ ਦਮੜਿਆਂ ਨਾਲ ਭੰਡਾਰ ਭਰ ਜਾਂਦਾ ਹੈ । ਹੁੰਡੀ ਪੱਲੇ ਬੰਨ੍ਹੀ ਹੋਵੇ ਤਾਂ ਕੁਝ ਭਾਰ ਨਹੀਂ

ਲਗਦਾ, ਪਰ ਹੁੰਡੀ ਤਰ ਜਾਏ ਤਾਂ ਬੇਅੰਤ ਧੰਨ ਮਿਲ ਜਾਂਦਾ ਹੈ । ਜਿਵੇਂ ਬੋਹੜ ਦਾ ਬੀਜ ਬਿਲਕੁਲ ਛੋਟਾ ਹੀ ਹੁੰਦਾ ਹੈ ਪਰ ਬੀਜ ਦੇਈਏ ਤਾਂ ਏਡਾ ਵੱਡਾ ਰੁੱਖ ਪੈਦਾ ਹੋ ਜਾਂਦਾ ਹੈ । ਏਸੇ ਤਰ੍ਹਾਂ ਗੁਰੂ ਦੇ ਬਚਨ ਸਿੱਖਾਂ ਵਿੱਚ ਅਮੁੱਲ ਤੇ ਸੱਚੇ ਮੰਨੇ ਜਾਂਦੇ ਹਨ । ਇਨ੍ਹਾਂ ਬਚਨਾਂ ਦੇ ਮਹਾਤਮ ਦਾ ਪਤਾ ਰੱਬ ਦੇ ਦੁਆਰੇ ਤੇ ਹੀ ਲੱਗੇਗਾ ।

**ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ**
**ਮੋਲ ਕੀਏ ਦਮਕਨ ਭਰਤ ਭੰਡਾਰ ਜੀ।**
**ਜੈਸੇ ਬਰ ਬਾਧੇ ਹੁੰਡੀ ਲਾਗਤ ਨ ਭਾਰ ਕਛੁ**
**ਆਗੈ ਜਾਇ ਪਾਈਅਤ ਲਛਮੀ ਅਪਾਰ ਜੀ।**
**ਜੈਸੇ ਬਟਿ ਬੀਜ ਅਤਿ ਸੂਖਮ ਸਰੂਪ ਹੋਤ**
**ਬੋਏ ਸੈ ਬਿਬਿਧਿ ਕਰੈ ਬਿਰਖਾ ਬਿਸਥਾਰ ਜੀ। - ਕਬਿੱਤ ੩੭੩**

**ਤੈਸੇ ਗੁਰ ਬਚਨ ਸਚਨ ਗੁਰਸਿਖਨ**
**ਮੈ ਜਾਨੀਐ ਮਹਾਤਮ ਗਏ ਹੀ ਹਰਿਦੁਆਰ ਜੀ ॥੩੭੩॥**

ਮਨੁੱਖ ਦਾ ਜੀਵਨ ਲੋੜਾਂ ਨਾਲ ਤੇ ਮੰਗਾਂ ਨਾਲ ਭਰਪੂਰ ਹੈ । ਇਸ ਦੀਆਂ ਲੋੜਾਂ ਵੀ ਵਧਦੀਆਂ ਹਨ ਅਤੇ ਮੰਗਾਂ ਵੀ ਵਧਦੀਆਂ ਹਨ । ਮਨੁੱਖ ਦਾ ਐਸਾ ਹੈ ਜੋ ਨਿੱਤ ਨਵੀਂ ਤੋਂ ਨਵੀਂ ਥੋੜ੍ਹ ਨੂੰ ਜਨਮ ਦਿੰਦਾ ਹੈ ਇਸ ਲਈ ਵਧਦੀਆਂ ਹੀ ਵਧਦੀਆਂ ਮੰਗਾਂ ਨੇ ਇਸ ਨੂੰ ਮਹਾਨ ਭਿਖਾਰੀ ਬਣਾ ਦਿੱਤਾ ਹੈ । ਮਹਾਂਪੁਰਖਾਂ ਦੀ ਇਹ ਨਿਸ਼ਾਨੀ ਹੈ ਕਿ ਉਨ੍ਹਾਂ ਦੇ ਅੰਦਰ ਕੋਈ ਮੰਗ ਨਹੀਂ ਰਹਿ ਜਾਂਦੀ, ਉਨ੍ਹਾਂ ਦੇ ਜੀਵਨ ਵਿੱਚ ਲੋੜਾਂ ਬਹੁਤ ਘੱਟ ਹੁੰਦੀਆਂ ਹਨ । ਵਾਧੂ ਲੋੜ ਕੋਈ ਨਹੀਂ ਹੁੰਦੀ । ਇੱਕ ਮਹਾਂਪੁਰਖ ਦਾ ਕਥਨ ਹੈ ਕਿ ਤੰਦੂਰ ਕਿੱਕਰ ਦੀਆਂ ਲੱਕੜੀਆਂ ਨਾਲ ਹੀ ਤਪ ਜਾਏ ਤਾਂ ਚੰਦਨ ਫੂਕਣ ਦੀ ਲੋੜ ਨਹੀਂ । ਉਨ੍ਹਾਂ ਸੰਸਾਰ ਵਿਚੋਂ ਲਿਆ ਬਹੁਤ ਘੱਟ ਹੈ । ਗੁਜ਼ਰਾਨ ਵਾਸਤੇ ਕੁਝ ਲਿਆ ਹੈ, ਪਰ ਦਿੱਤਾ ਬਹੁਤ ਕੁਝ ਹੈ । ਉਨ੍ਹਾਂ ਦਾ ਲੈਣਾ ਇੰਝ ਹੈ ਜਿਵੇਂ ਇੱਕ ਖੇਤੀ ਕ੍ਰਿਸਾਨ ਦਾ ਥੋੜ੍ਹਾ ਜਿਹਾ ਬੀਜ ਲੈਂਦੀ ਹੈ । ਅਤੇ ਅਨੰਤ ਗੁਣਾਂ ਕਰਕੇ ਵਾਪਸ ਦੇ ਦੇਂਦੀ ਹੈ । ਇੱਕ ਗਾਂ ਘਾਹ ਖਾਂਦੀ ਹੈ ਤੇ ਦੁੱਧ ਦੇਂਦੀ ਹੈ । ਮਹਾਂਪੁਰਖ ਥੋੜਾ ਜਿਹਾ ਅੰਨ ਜਲ ਇਸ ਸੰਸਾਰ ਵਿਚੋਂ ਲੈਂਦੇ ਹਨ ਅਤੇ ਅੰਮ੍ਰਿਤ ਦੇਂਦੇ ਹਨ । ਉਨ੍ਹਾਂ ਨੂੰ ਤਾਂ ਹੰਸਾਂ ਨਾਲ ਤੁਲਨਾ ਦਿੱਤੀ ਹੈ । ਇੱਕ ਕਥਾ ਹੈ ਕਿ ਕੋਈ ਰਾਜਾ ਹੰਸਾਂ ਦੇ ਦਰਸ਼ਨ ਕਰਨੇ ਚਾਹੁੰਦਾ ਸੀ । ਕਿਸੇ ਸਿਆਣੇ ਵਜ਼ੀਰ ਨੇ ਇੱਕ ਢੰਗ ਦੱਸਿਆ ਕਿ ਕੁਝ ਹੀਰੇ ਮੋਤੀ ਲੈ ਤੇ ਆਪਣੇ ਮਕਾਨ ਤੇ ਖਿਲਾਰ ਦੇ । ਉਸਨੇ ਐਸਾ ਹੀ ਕਰ ਦਿੱਤਾ । ਹੰਸ ਆਏ, ਉਨ੍ਹਾਂ ਹੀਰੇ ਮੋਤੀ ਖਾਧੇ ਪਰ ਉਡਣ ਤੋਂ ਪਹਿਲਾਂ ਬੜੇ ਕੀਮਤੀ ਲਾਲ ਉੱਥੇ ਉਗਲ ਗਏ । ਉਹ ਲਾਲ ਤਾਂ ਅਮੁੱਲ ਸਨ । ਰਾਜਾ ਹੈਰਾਨ ਸੀ ਕਿ ਹੰਸਾਂ ਲਿਆ ਤਾਂ ਕੁਝ ਵੀ ਨਹੀਂ

। ਜੋ ਲਿਆ ਸੀ ਉਹ ਵੀ ਅਤੇ ਹੋਰ ਵੀ ਕੀਮਤੀ ਲਾਲ ਉਗਲ ਗਏ ਹਨ । ਇਸੇ ਤਰ੍ਹਾਂ ਸੰਸਾਰ ਵਿੱਚ ਮਹਾਂਪੁਰਖ ਆਉਂਦੇ ਹਨ । ਲੈਂਦੇ ਕੁਝ ਵੀ ਨਹੀਂ । ਉਨ੍ਹਾਂ ਦਾ ਲੈਣਾ ਤਾਂ ਦੇਣ ਦਾ ਇੱਕ ਬਹਾਨਾ ਹੈ । ਉਹ ਅਮੁੱਲ ਲਾਲ ਸੰਸਾਰ ਨੂੰ ਦੇ ਜਾਂਦੇ ਹਨ । ਧੰਨ ਗੁਰੂ ਤੇਗ ਬਹਾਦਰ ਜੀ ਨੇ ਸੰਸਾਰ ਦਾ ਲਿਆ ਕੁਝ ਨਹੀਂ ਪਰ ਦੇ ਬਹੁਤ ਕੁਝ ਗਏ ਜਿਥੇ ਉਨ੍ਹਾਂ ਨੇ ਬਚਪਨ ਵਿੱਚ ਤਨ ਦੇ ਬਸਤ੍ਰ ਵੀ ਉਤਾਰ ਕੇ ਇੱਕ ਬੱਚੇ ਨੂੰ ਦੇ ਦਿੱਤੇ ਸਨ ਤੇ ਉਸਦਾ ਪੜਦਾ ਕੱਜਿਆ ਸੀ । ਉਨ੍ਹਾਂ ਸਾਨੂੰ ਸ਼ਬਦ ਦੀ ਦਾਤ ਦਿੱਤੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਹੈ । ਉਨ੍ਹਾਂ ਸਾਨੂੰ ਸਬਰ ਤੇ ਸਿਦਕ ਦੀ ਦਾਤ ਦਿੱਤੀ ਹੈ ਤੇ ਵੱਡੀ ਗੱਲ ਕਿ ਅਮਲੀ ਤੌਰ ਤੇ ਇਸ ਜੀਵਨ ਨੂੰ ਜੀ ਕੇ ਵਿਖਾਇਆ ਹੈ ਕਿ ਦਾਤ ਦੇ ਮਗਰ ਦੌੜਨ ਦੀ ਲੋੜ ਨਹੀਂ । ਉਨ੍ਹਾਂ ਸਾਨੂੰ ਦੱਸ ਦਿੱਤਾ ਹੈ ਕਿ ਦਾਤੇ ਦੀ ਯਾਦ ਵਿੱਚ ਰਹੀਏ, ਉਸਦੀ ਇੰਤਜ਼ਾਰ ਵਿੱਚ ਰਹੀਏ, ਸੰਤੋਖੀ ਬਣ ਕੇ ਰਹੀਏ, ਸਬਰ ਤੇ ਸਿਦਕ ਭਰੋਸਾ ਰਖੀਏ । ਵੱਡੀ ਤੋਂ ਵੱਡੀ ਦਾਤ ਆਪੇ ਹੀ ਸੇਵਕ ਦੇ ਪਾਸ ਉਹ ਦਾਤਾ ਪਹੁੰਚਾ ਦਿੰਦਾ ਹੈ । ਗੁਰੂ ਘਰ ਦੇ ਇਤਿਹਾਸ ਨੂੰ ਪੜ੍ਹ ਕੇ ਵੇਖੀਏ, ਜਦੋਂ ਵੀ ਗੁਰਿਆਈ ਗੱਦੀ ਕਿਸੇ ਵਿਅਕਤੀ ਨੂੰ ਦਿੱਤੀ ਗਈ ਹੈ ਤਾਂ ਗੁਰੂਆਂ ਦੇ ਕਈ ਪੁੱਤਰਾਂ ਨੇ ਬੜੀ ਵਿਰੋਧਤਾ ਕੀਤੀ ਹੈ ਅਤੇ ਆਪਣਾ ਹੱਕ ਜ਼ਤਲਾਇਆ ਹੈ । ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਗੱਦੀ ਮਿਲੀ ਤਾਂ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਨੇ ਵਿਰੋਧਤਾ ਕੀਤੀ ਸੀ । ਗੁਰੂ ਅਮਰਦਾਸ ਵੇਲੇ ਦਾਤੂ ਜੀ ਤੇ ਦਾਸੂ ਜੀ ਨੇ ਵਿਰੋਧਤਾ ਕੀਤੀ ਸੀ । ਗੁਰੂ ਰਾਮਦਾਸ ਜੀ ਵੇਲੇ ਮੋਹਣ ਜੀ ਨੇ ਵਿਰੋਧਤਾ ਕੀਤੀ ਸੀ । ਗੁਰੂ ਅਰਜਨ ਦੇਵ ਜੀ ਵੇਲੇ ਬਾਬਾ ਪ੍ਰਿਥੀ ਚੰਦ ਨੇ ਵਿਰੋਧਤਾ ਕੀਤੀ ਸੀ । ਗੁਰੂ ਹਰਿਗੋਬਿੰਦ ਸਾਹਿਬ ਜੀ ਵੇਲੇ ਬਾਬਾ ਮਿਹਰਬਾਨ ਜੀ ਨੇ ਬੜੀ ਵਿਰੋਧਤਾ ਕੀਤੀ ਸੀ । ਫਿਰ ਗੁਰੂ ਹਰਿ ਰਾਇ ਜੀ ਵੇਲੇ ਧੀਰ ਮਲ ਨੇ ਬੜੀ ਵਿਰੋਧਤਾ ਕੀਤੀ ਸੀ ਪਰ ਗੁਰੂ ਕੇ ਸਾਹਿਬਜ਼ਾਦੇ ਹੁੰਦਿਆਂ ਸਾਹਿਬਾਂ ਨੇ ਕੋਈ ਵੀ ਗੱਲ ਮਨ ਵਿੱਚ ਨਾ ਲਿਆਂਦੀ ਸਗੋਂ ਮੈਦਾਨ ਵਿਹਲਾ ਕਰਕੇ ਆਪ ਜੀ ਆਪਣੀ ਮਾਤਾ ਸਮੇਤ ਆਪਣੇ ਨਾਨਕੇ ਪਿੰਡ ਬਕਾਲਾ ਆ ਗਏ ਸਨ । ਜਿਸ ਵੇਲੇ ਏਥੇ ਵੀ ਬਾਈ ਗੁਰ-ਗੱਦੀ ਦੇ ਦਾਅਵੇਦਾਰ ਬਣ ਬੈਠੇ ਸਨ ਉਸ ਵੇਲੇ ਵੀ ਆਪ ਜੀ ਨੇ ਕੋਈ ਦਾਅਵਾ ਨਹੀਂ ਕੀਤਾ । ਕਬੀਰ ਸਾਹਿਬ ਜੀ ਦਾ ਵਿਚਾਰ ਹੈ ਕਿ ਦਾਅਵੇ ਕਰਨ ਵਿੱਚ ਸਿਰਫ ਸਾੜਾ ਤੇ ਈਰਖਾ ਹੀ ਪੱਲੇ ਪੈਂਦੇ ਹਨ । ਜਿਹੜਾ ਬੰਦਾ ਦਾਅਵੇ ਤੋਂ ਬਿਨਾਂ ਨਿਰਦਾਵੇ ਰਹਿੰਦਾ ਹੈ ਉਹ ਨਿਸੰਗ, ਭਾਵ ਲੋਕ ਲਾਜ ਤੋਂ ਪਰ੍ਹਾਂ, ਉਹ ਮੁਕਤ ਪੁਰਸ਼ ਹੁੰਦਾ ਹੈ । ਐਸਾ ਬੰਦਾ ਤਾਂ ਇੰਦਰ ਵਰਗੇ ਦਾਅਵੇਦਾਰਾਂ ਨੂੰ ਵੀ ਕੰਗਾਲ ਹੀ ਸਮਝਦਾ ਹੈ

ਇਹ ਸੱਚ ਹੈ ਕਿ ਜੇ ਗੁਰੂ ਤੇ.ਗ ਬਹਾਦਰ ਵੀ ਦਾਅਵਾ ਕਰਦੇ ਤਾਂ ਬਾਈ ਗੁਰਗੱਦੀ ਦੇ ਦਾਅਵੇਦਾਰ ਅੱਗੇ ਬੈਠੇ ਸਨ ਉਹ ਤੇਈਵੇਂ ਹੋ ਜਾਂਦੇ । ਪਹਿਲਾਂ ਬਾਈ ਸਨ ਫਿਰ ਲੋਕ

ਕਹਿੰਦੇ ਹਨ ਕਿ ਤੇਈ ਗੁਰੂ ਹਨ। ਪਰ ਉਨ੍ਹਾਂ ਐਸਾ ਦਾਅਵਾ ਕੀਤਾ ਹੀ ਨਹੀਂ। ਇਸੇ ਲਈ ਨਿਰਦਾਵੇ ਰਹਿਣ ਵਾਲੇ ਸਤਿਗੁਰੂ ਪ੍ਰਥਮ ਹੋ ਗਏ। ਦਾਅਵੇਦਾਰ ਨੂੰ ਦੌੜਨਾ ਪਿਆ। ਪਰ ਨਿਰਦਾਵੇ ਰਹਿਣ ਵਾਲਿਆਂ ਦੇ ਪਾਸ ਦਾਤ ਆਪ ਆ ਗਈ। ਮੱਖਣ ਸ਼ਾਹ ਲੁਬਾਣੇ ਨੇ ਕੋਠੇ ਤੇ ਚੜ੍ਹ ਕੇ ਪੁਕਾਰ ਕੇ ਕਹਿ ਦਿੱਤਾ ਸੀ ਗੁਰੂ ਲਾਧੋ ਰੇ ! ਗੁਰੂ ਲਾਧੋ ਰੇ ! ਐਸਾ ਨਾ ਸਮਝਣਾ ਕਿ ਬਾਕੀ ਦਾਅਵੇਦਾਰਾਂ ਦੇ ਪਾਸ ਕੋਠੇ ਤੇ ਚੜ੍ਹ ਕੇ ਰੌਲਾ ਪਾਉਣ ਵਾਲਾ ਕੋਈ ਨਹੀਂ ਸੀ। ਨਹੀਂ ਐਸਾ ਨਹੀਂ, ਉਨ੍ਹਾਂ ਦੇ ਪਾਸ ਵੀ ਬਹੁਤ ਬੰਦੇ ਸਨ ਅਤੇ ਝੂਠ ਨੂੰ ਸੱਚ ਬਣਾਉਣ ਵਾਲੇ ਸਨ। ਕੋਈ ਕਹਿੰਦਾ ਸੀ ਇਸ ਗੁਰੂ ਨੇ ਮੇਰੇ ਦਿਲ ਦੀ ਬੁੱਝ ਲਈ ਹੈ। ਕੋਈ ਕਹਿੰਦਾ ਸੀ ਮੈਨੂੰ ਰੋਗੀ ਨੂੰ ਬਚਨ ਕਰਕੇ ਅਰੋਗ ਕਰ ਦਿੱਤਾ ਹੈ। ਕਈ ਗੁਰੂਆਂ ਦੇ ਏਜੰਟ ਕਹਿੰਦੇ ਸਨ ਮੇਰਾ ਗੁਰੂ ਤਾਂ ਮੋਇਆ ਬੰਦਾ ਜ਼ਿੰਦਾ ਕਰ ਦਿੰਦਾ ਹੈ। ਕੋਈ ਕਹਿੰਦਾ ਸੀ ਮੈਨੂੰ ਇਸ ਗੁਰੂ ਨੇ ਸਾਖਿਆਤ ਗੁਰੂ ਨਾਨਕ ਹੋ ਕੇ ਦਰਸ਼ਨ ਦਿੱਤੇ ਹਨ। ਬਾਕੀ ਗੁਰੂ ਵੀ ਇਸੇ ਵਿਚੋਂ ਦਿੱਸੇ ਹਨ। ਕੋਈ ਕਹਿੰਦਾ ਸੀ ਰਾਤੀ ਮੇਰੇ ਗੁਰੂ ਨੇ ਮੈਨੂੰ ਪ੍ਰਮਾਤਮਾ ਬਣ ਕੇ ਦਰਸ਼ਨ ਦਿੱਤੇ ਹਨ। ਪਰ ਅਸਰ ਕਿਸੇ ਤੇ ਕੋਈ ਨਹੀਂ ਸੀ ਹੋ ਰਿਹਾ। ਵੱਡੇ ਤੋਂ ਵੱਡਾ ਹਰ ਇੱਕ ਝੂਠ ਬੋਲਿਆ ਜਾ ਚੁੱਕਾ ਸੀ। ਇਹ ਸਭ ਕੁਝ ਪਾਖੰਡੀ ਗੁਰੂਆਂ ਦੇ ਚੇਲਿਆਂ ਨੇ ਮੱਖਣ ਸ਼ਾਹ ਨੂੰ ਵੀ ਕਿਹਾ ਸੀ। ਪਰ ਉਸਦਾ ਮਨ ਨਹੀਂ ਸੀ ਪਤੀਜਦਾ, ਉਸਨੇ ਜਦੋਂ ਆਪ ਪ੍ਰੀਖਿਆ ਕੀਤੀ ਤਾਂ ਕੋਈ ਵੀ ਪੂਰਾ ਨਾ ਉਤਰਿਆ। ਮੱਖਣ ਸ਼ਾਹ ਲੁਬਾਣਾ ਬੜਾ ਸਿਦਕੀ ਸਿੱਖ ਸੀ, ਵਿਵੇਕੀ ਸੀ। ਉਸ ਨੇ ਸੋਚਿਆ ਮੈਂ ਕਿਸੇ ਤੇ ਕਿਉਂ ਭਰੋਸਾ ਕਰਾਂ, ਮੈਂ ਆਪ ਹੀ ਹਰ ਇੱਕ ਦੇ ਨੇੜੇ ਹੋ ਕੇ ਕਿਉਂ ਨਾ ਵੇਖਾਂ, ਉਹ ਬਾਣੀ ਪੜ੍ਹਨ ਵਾਲਾ ਸਿੱਖ ਸੀ –

**ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥**
**ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥**
**ਗਉੜੀ (ਮਃ ੪) – ਅੰਗ ੧੬੮**

ਜਿਨ੍ਹਾਂ ਨੂੰ ਮਿਲਿਆਂ ਦੁਬਿਧਾ ਹੋਰ ਵਧੀ ਹੈ ਉਹ ਗੁਰੂ ਨਹੀਂ ਹੋ ਸਕਦੇ। ਮੱਖਣ ਸ਼ਾਹ ਨੇ ਜਦੋਂ ਨੇੜੇ ਹੋ ਕੇ ਵੇਖਿਆ ਤਾਂ ਇੱਕ ਗੁਰੂ ਤੇਗ ਬਹਾਦਰ ਸਾਹਿਬ ਹੀ ਐਸੇ ਗੁਰੂ ਨਿਕਲੇ ਜਿਨ੍ਹਾਂ ਮਨ ਦੀ ਬੁੱਝ ਲਈ ਤੇ ਜਿਨ੍ਹਾਂ ਦੇ ਪਾਸ ਬੈਠ ਕੇ ਮਨ ਨੂੰ ਸ਼ਾਂਤੀ ਵੀ ਆ ਗਈ, ਅਨੰਦ ਪ੍ਰਾਪਤ ਹੋ ਗਿਆ। ਇਹ ਗੱਲ ਬੜੀ ਵਿਚਾਰ ਵਾਲੀ ਹੈ ਕਿ ਜੋ ਮੱਖਣ ਸ਼ਾਹ ਨੇ ਕਿਹਾ ਹੈ ਐਸਾ ਕੁਝ ਪਹਿਲੇ ਵੀ ਬਹੁਤ ਵਾਰ ਕਿਹਾ ਜਾ ਚੁੱਕਾ ਸੀ। ਪਾਖੰਡੀਆਂ ਦੇ ਚੇਲੇ ਨਿੱਤ ਨਵਾਂ ਕੁਫਰ ਤੇ ਪਹਾੜ ਜਿੱਡਾ ਕੁਫਰ ਤੋਲਦੇ ਸਨ। ਪਰ ਇਸ ਸਿੱਖ ਦੀ ਅਵਾਜ਼ ਵਿੱਚ ਸੱਚ ਸੀ, ਬਲ ਸੀ, ਦ੍ਰਿੜ੍ਹਤਾ ਸੀ। ਇਸਦੇ ਮੂੰਹੋਂ ਜੋ ਆਵਾਜ਼ ਨਿਕਲੀ ਉਸਨੇ ਸਾਰਿਆਂ ਨੂੰ ਖਿੱਚ ਪਾਈ ਸੀ। ਗੁਰੂ ਨਾਨਕ ਦੀ ਦਾਤ ਜੋ ਸੇਵਕ ਦੀ ਦਾਤ ਹੈ, ਸੇਵਕ ਤੱਕ ਪਹੁੰਚ ਗਈ। ਉਨ੍ਹਾਂ ਨੂੰ ਕੋਈ ਦਾਅਵਾ ਨਹੀਂ ਕਰਨਾ ਪਿਆ ਤੇ ਕੋਈ ਦੌੜ-ਭੱਜ ਨਹੀਂ ਕਰਨੀ ਪਈ। ਜੇ ਖਿਝ ਕੇ ਧੀਰ ਮੱਲ ਨੇ ਹਮਲਾ ਵੀ ਕਰਵਾ ਦਿੱਤਾ ਤੇ ਸ਼ੀਹੇ ਮਸੰਦ ਨੇ ਗੋਲੀ ਚਲਾ ਦਿੱਤੀ ਤਾਂ ਸਾਹਿਬਾਂ ਕਿਹਾ ਸੀ, ਧੀਰ ਮੱਲ ਜੀ ! ਗੋਲੀਆਂ ਕਿਸ ਲਈ ਚਲਾ

ਰਹੇ ਹੋ ਜੋ ਚਾਹੀਦਾ ਹੈ ਲੈ ਜਾਉ। ਗੋਲੀ ਉੱਥੇ ਚਲਾਉਣੀ ਚਾਹੀਦੀ ਹੈ ਜਿਥੇ ਰਸਤੇ ਵਿੱਚ ਰੋੜਾ ਬਣੇ। ਪਰ ਜਿੱਥੇ ਕੋਈ ਰੋਕ ਹੀ ਨਹੀਂ ਉੱਥੇ ਐਸਾ ਕਰਨਾ ਠੀਕ ਨਹੀਂ। ਧੀਰ ਮੱਲ ਦੇ ਬੰਦਿਆਂ ਨੇ ਡੇਰਾ ਲੁੱਟਿਆ ਪਰ ਨਿਰਦਾਵੇ ਰਹਿਣ ਵਾਲੇ ਸਤਿਗੁਰੂ ਇੰਜ ਮੁਸਕਰਾ ਰਹੇ ਸਨ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਧੀਰ ਮੱਲ ਸਾਮਾਨ ਲੁੱਟ ਕੇ ਲੈ ਗਿਆ ਤਾਂ ਵੀ ਉਹ ਅਨੰਦ ਵਿੱਚ ਸਨ। ਮੱਖਣ ਸ਼ਾਹ ਆਪਣੇ ਜੁਆਨਾਂ ਸਮੇਤ ਸਾਰਾ ਸਾਮਾਨ ਵਾਪਸ ਲੈ ਆਇਆ ਤਾਂ ਵੀ ਆਪ ਅਡੋਲ ਸਨ। ਤੇ ਕਿਹਾ ਇਸ ਸਾਮਾਨ ਦੇ ਆਉਣ ਜਾਣ ਦਾ ਮੇਰੇ ਤੇ ਕੋਈ ਅਸਰ ਨਹੀਂ। ਮੈਂ ਸਾਮਾਨ ਦੇ ਆਸਰੇ ਨਹੀਂ, ਨਾਮ ਦੇ ਆਸਰੇ ਹਾਂ। ਸਾਮਾਨ ਦੇ ਆਉਣ ਜਾਣ ਨਾਲ ਨਾਮ ਨੂੰ ਕੀ ਫਰਕ ਪੈ ਸਕਦਾ ਹੈ। ਸਤਿਗੁਰਾਂ ਅੱਜ ਉਹ ਅਵਸਥਾ ਪ੍ਰਤੱਖ ਹੀ ਵਿਖਾ ਦਿੱਤੀ ਸੀ –

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥**
**ਸੋਰਠਿ (ਮਃ ੯) – ਅੰਗ ੬੩੩**

ਉਨ੍ਹਾਂ ਕੁਝ ਨਹੀਂ ਮੰਗਿਆ ਪਰ ਸਭ ਕੁਝ ਆਪੇ ਹੀ ਪਾਸ ਆ ਗਿਆ। ਪਰ ਜਿਨ੍ਹਾਂ ਨੇ ਮੰਗਿਆ ਹੀ ਨਹੀਂ ਸਗੋਂ ਖੋਹਣਾ ਵੀ ਚਾਹਿਆ ਹੈ ਉਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਪਿਆ। ਉਨ੍ਹਾਂ ਇਸ ਰਾਜ਼ ਨੂੰ ਸਮਝਿਆ ਸੀ ਕਿ ਜੋ ਬਿਰਥਾ ਹੈ ਉਹ ਮੰਗਿਆਂ ਮਿਲ ਜਾਂਦਾ ਹੈ। ਪਰ ਜੋ ਅਮੁੱਲ ਹੈ ਉਹ ਤਾਂ ਬਖ਼ਸ਼ਸ਼ ਨਾਲ ਹੀ ਮਿਲਦਾ ਹੈ ਮੰਗਿਆਂ ਨਹੀਂ। ਇਹ ਗੱਲ ਤਾਂ ਸਪਸ਼ੱਟ ਹੈ ਕਿ ਜਦੋਂ ਕੋਈ ਭਿਖਾਰੀ ਮੰਗਣ ਆਉਂਦਾ ਹੈ ਤਾਂ ਕੰਮ ਦੀ ਵਸਤੂ ਕੌਣ ਦੇਂਦਾ ਹੈ, ਰਹਿੰਦ-ਖੂੰਹਦ ਹੀ ਦੇਂਦੇ ਹਾਂ। ਪਰ ਜਦੋਂ ਗੁਰੂ ਦੇ ਅੱਗੇ ਕੁਝ ਅਰਪਨ ਕਰਨਾ ਹੈ ਤਾਂ ਫਿਰ ਤਾਂ ਬੜੀ ਪਵਿੱਤਰ ਵਸਤੂ ਰਖਦੇ ਹਾਂ। ਉਹ ਪ੍ਰਮਾਤਮਾ ਵੀ ਜਦੋਂ ਬਖ਼ਸ਼ਸ਼ ਕਰਦਾ ਹੈ ਤਾਂ ਅਮੁੱਲ ਦਾਤਾ ਦਿੰਦਾ ਹੈ। ਭਿਖਾਰੀ ਮੰਗਦੇ ਹਨ, ਉਹ ਪਦਾਰਥ ਦੇਂਦਾ ਹੈ। ਪਰ ਭਿਖਾਰੀਆਂ ਨੂੰ ਗੁਰਿਆਈ ਗੱਦੀ ਨਹੀਂ ਮਿਲਦੀ ਇਹ ਤਾਂ ਦਾਤ ਹੈ ਆਪ ਹੀ ਆਉਂਦੀ ਹੈ ਤੇ ਆਉਂਦੀ ਹੈ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਸ, ਜਿਹੜੇ ਸਬਰ ਸਿਦਕ ਨਾਲ ਪ੍ਰਮਾਤਮਾ ਦੀ ਸਿਫਤ-ਸਲਾਹ ਕਰਦੇ ਹਨ ਤੇ ਰਜ਼ਾ ਵਿੱਚ ਰਹਿੰਦੇ ਹਨ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਵਿੱਚ ਮਹੱਤਵ ਪੂਰਨ ਗੱਲ ਇਹ ਹੈ ਕਿ ਉਹ ਖੋਜਣ ਦੀ ਬਜਾਏ, ਭਾਲਣ ਦੀ ਬਜਾਇ, ਇੰਤਜ਼ਾਰ ਕਰਦੇ ਹਨ ਤੇ ਪਿਆਰਾ ਉਨ੍ਹਾਂ ਨੂੰ ਆਪ ਹੀ ਆ ਕੇ ਨਿਵਾਜਦਾ ਹੈ। ਇਹ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਮਹਾਨ ਵਡਿਆਈ ਹੈ। ਤੇ ਪੂਰਨ ਸਤਿਗੁਰੂ ਹੋਣ ਦੀ ਕਸਵੱਟੀ ਹੈ ਕਿ ਉਨ੍ਹਾਂ ਨੇ ਆਪਣੇ ਤੋਂ ਬਾਅਦ ਪੂਰਾ ਹੀ ਚੁਣਿਆ ਹੈ ਅਤੇ ਪੂਰੇ ਗੁਰੂ, ਗੁਰੂ ਨਾਨਕ ਦੇਵ ਦੀ ਜੋਤਿ ਜੁਗਤ ਉਸ ਗੁਰੂ ਤੇਗ ਬਹਾਦਰ ਸਾਹਿਬ ਦੀ ਝੋਲੀ ਵਿੱਚ ਪਾਈ ਸੀ ਜਿਨ੍ਹਾਂ ਨੂੰ ਇਹ ਦਾਤ ਜਰਨ ਦੀ ਸ਼ਕਤੀ ਅਕਾਲ ਪੁਰਖ ਵੱਲੋਂ ਬਖ਼ਸ਼ਸ਼ ਹੋਈ ਸੀ।

**ਧੰਨਵਾਦ ਸਹਿਤ ਵਿਚੋਂ :- ਗੁਰਪੁਰਬ ਗਾਥਾਵਾਂ**

# ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ

**ਪ੍ਰਿ. ਸਤਿਬੀਰ ਸਿੰਘ**

ਜ਼ਕਰੀਆ ਖ਼ਾਨ ਅਤਿਆਚਾਰ ਕਰਨ ਵਿੱਚ ਅਤਿ ਕਰ ਰਿਹਾ ਸੀ ਤਾਂ ਸਿੱਖ ਵੀ ਆਪਣੇ ਆਚਰਣ ਦੇ ਸਿਖਰ ਨੂੰ ਛੂਹ ਰਹੇ ਸਨ। ਜਦ ਜੰਗਲਾਂ ਵਿੱਚ ਵੱਸਦੇ ਸਿੱਖਾਂ ਦਾ ਪਕੜਨਾ, ਮਾਰਨਾ ਤੇ ਪਤਾ ਕਰਨਾ ਮੁਸ਼ਕਲ ਹੋ ਗਿਆ ਤਾਂ ਬੇਦੋਸ਼ੇ, ਆਰਾਮ ਨਾਲ ਟਿਕੇ, ਘਰੀਂ ਵੱਸਦੇ, ਖੇਤੀ-ਬਾੜੀ ਵਿੱਚ ਜੁਟੇ, ਮਿਲਵਰਤਣੀਏ ਸਿੱਖਾਂ ਉੱਤੇ ਉਸ ਗੁੱਸਾ ਕੱਢਣਾ ਸ਼ੁਰੂ ਕੀਤਾ।

ਘਰਾਂ ਦੇ ਘਰ ਉਜਾੜੇ ਗਏ। ਭਾਈ ਤਾਰੂ ਸਿੰਘ ਜੀ ਪੂਲਾ ਪਿੰਡ ਦੇ ਵਸਨੀਕ ਸਨ। ਇਹ ਪੰਝੀ ਸਾਲਾਂ ਦੇ ਨੌਜਵਾਨ ਸਨ, ਪਰ ਸਿੱਖੀ ਰਹਿਤ-ਮਰਯਾਦਾ ਅਤੇ ਆਚਰਣ ਵਿੱਚ ਇਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਆਉਂਦੇ ਜਾਂਦੇ ਸਿੱਖ ਦੀ ਮਦਦ ਕਰਦੇ, ਲੋੜਵੰਦ ਜਾਣ ਕੇ ਪ੍ਰਸ਼ਾਦ ਛਕਾਉਂਦੇ। ਜੋ ਕੁਝ ਖੇਤੀ ਬਾੜੀ ਤੋਂ ਬਣਦਾ  ਉਹ ਆਪਣੇ ਭਰਾਵਾਂ ਨੂੰ ਦੂਰ ਵੱਸਦੇ ਜੰਗਲਾਂ ਵਿੱਚ ਪਹੁੰਚਾ ਦੇਂਦੇ। ਭਾਈ ਤਾਰੂ ਸਿੰਘ ਜੀ ਦੀ ਭੈਣ ਅਤੇ ਮਾਤਾ ਵੀ ਨਾਲ ਰਲ ਕੇ ਸਿੰਘਾਂ ਦੀ ਸੇਵਾ ਕਰਦੀਆਂ ਸਨ। ਹਰ ਭਗਤ ਨਿਰੰਜਨੀ ਨੂੰ ਜ਼ਕਰੀਆ ਨੇ ਪੁੱਛਿਆ ਕਿ ਇਤਨਾ ਮਾਰਦੇ ਹਾਂ ਇਹ ਵਧੀ ਕਿਵੇਂ ਜਾਂਦੇ ਹਨ। ਨਾ ਖੇਤੀ ਹੈ ਅਤੇ ਨਾ ਕੋਈ ਵਪਾਰ, ਗੁਰਦੁਆਰੇ ਚੜ੍ਹਾਵੇ, ਚੜ੍ਹਤ ਤੇ ਵੀ ਪਾਬੰਦੀ ਲਗਾ ਦਿੱਤੀ ਹੈ , ਲੰਗਰ ਕੌਣ ਪਹੁੰਚਾਂਦਾ ਹੈ ? ਤਾਂ ਨਿਰੰਜਨੀਆਂ ਨੇ ਕਿਹਾ, ਅਜੇ ਵੀ ਅਜਿਹੇ ਸਿੱਖ ਹਨ ਜੋ :

**'ਆਪ ਸਹੈ ਵਹ ਨੰਗ ਅਰ ਭੁੱਖ। ਦੇਖ ਸਕੈਂ ਨਹਿ ਸਿੰਘਨ ਦੁੱਖ।'**
**ਆਪ ਗੁਜ਼ਾਰੈਂ ਅਗਨੀ ਨਾਲ। ਸਿੰਘਨ ਘਲੈਂ ਪੁਸ਼ਾਕ ਸਿਵਾਲ।**

ਪੰਜਾਬੋਂ ਬਾਹਰ ਵਸਦੇ ਸਿੰਘ ਭਾਵੇਂ ਦੂਰ ਬੈਠੇ ਹਨ ਪਰ ਉਹ  ਜੋ ਕਮਾਂਦੇ ਹਨ, ਬਹੁਤਾ ਹਿੱਸਾ ਸਿੰਘਾਂ ਨੂੰ ਪਹੁੰਚਾਂਦੇ ਹਨ। ਉਸ ਵੇਲੇ ਜ਼ਕਰੀਆ ਨੇ ਵੀ ਨਾਦਰ ਵਾਂਗ ਹੀ ਕਿਹਾ ਕਿ ਅਸੀਂ ਤਾਂ ਫਿਰ ਪੰਥ ਨੂੰ ਮਾਰ ਨਹੀਂ ਸਕਦੇ। ਰੱਬ ਹੀ ਮਾਰੇ ਤਾਂ ਮਾਰੇ।

ਪਰ ਨਵਾਬ ਨੇ ਫਿਰ ਵੀ ਕਿਹਾ ਕਿ ਅਜਿਹਾ ਕੋਈ ਦਿਖਾ ਤਾਂ ਸਹੀ। ਉਸ ਕਿਹਾ : ਭਾਈ ਤਾਰੂ ਸਿੰਘ ਜੀ ਅਜਿਹੇ ਹਨ। ਉਨ੍ਹਾਂ ਦੀ ਭੈਣ ਤੇ ਮਾਂ ਵੀ ਅੱਗੇ ਹੋ ਕੇ ਸਿੰਘਾਂ ਦੀ ਮਦਦ ਕਰਦੇ ਹਨ :

**'ਆਪ ਖਾਇ ਵਹਿ ਰੁੱਖੀ ਮਿੱਸੀ। ਮੋਟਾ ਪਹਿਰਹਿ ਆਪ ਰਹਿ ਲਿੱਸੀ।**
**ਅਪਨੋ ਤਨ ਪੇਟ ਰਖ ਕੈ ਊਣੀ। ਦੇਤ ਔਰ ਕੋ ਚਬਨ ਚਬੂਨੀ।'**

ਯਾਤਰੀਆਂ ਵਾਂਗ ਪੰਡ ਚੁੱਕ ਕੇ ਸਿੰਘਾਂ ਪਾਸ ਟਿਕਾਣਿਆਂ ਤੇ ਪਹੁੰਚਾ ਆਂਵਦੇ ਹਨ। ਭੈਣ ਭਰਾ ਨੂੰ ਮੁਗ਼ਲ ਪਕੜ ਕੇ ਲੈ ਗਏ। ਭੈਣ ਨੂੰ ਲਾਹੌਰ ਦੇ ਸਿਰਕੱਢ ਹਿੰਦੂਆਂ ਨੇ ਦਾਮ ਦੇ ਕੇ ਛੁਡਵਾ ਲਿਆ ।

ਹਿੰਦੂਆਂ ਦੀ ਸੋਚਣੀ ਇਹ ਸੀ ਕਿ ਗਊ ਬ੍ਰਾਹਮਣ ਨਾਲੋਂ ਸੌ ਗੁਣਾ ਵੱਡਾ ਪੁੰਨ ਹੈ ਕਿਸੇ ਸਿੱਖ ਨੂੰ ਜ਼ਾਲਮ ਦੇ ਪੰਜੇ ਤੋਂ ਛੁਡਾਉਣਾ :

**ਸਿੱਖ ਛੁਡਾਵਨ ਹੈ ਬਡ ਧਰਮ। ਗਊ ਬ੍ਰਾਹਮਣ ਤੇ ਸੌ ਗੁਨੋਂ ਕਰਮ।**

ਭਾਈ ਤਾਰੂ ਸਿੰਘ ਜੀ ਨੂੰ ਛੁਡਾਉਣ ਲਈ ਜਤਨ ਕੀਤੇ ਪਰ ਭਾਈ ਜੀ ਨੇ ਕਿਹਾ ਉਨ੍ਹਾਂ ਦਾ ਫ਼ਿਕਰ ਨ ਕਰੋ। ਹੁਣ ਸੀਸ ਦੀਏ ਬਿਨ ਇਹ ਰਾਜ ਨਹੀਂ ਉਲਟਣਾ। ਗੁਰੂ ਹਰਿ ਕ੍ਰਿਸ਼ਨ ਜੀ ਨੇ ਦਿੱਲੀ ਸੀਸ ਦਿੱਤਾ, ਗੁਰੂ ਤੇਗ਼ ਬਹਾਦਰ ਜੀ ਨੇ 'ਆਪ ਜਾਇ ਦਿੱਲੀ ਖਈ, ਤੁਰਕਨ ਤੇ ਤਲਵਾਰ' ਅਤੇ ਕਲਗੀਧਰ ਨੇ ਸਣ ਪਰਵਾਰ ਦੇਹਿ ਗਵਾਈ ਤਾਂ ਮੁਗ਼ਲਾਂ ਦੀ ਕਲਾ ਢਿੱਲੀ ਹੋਈ। ਹੁਣ ਸ਼ਹੀਦੀ ਪਾ ਕੇ ਦਰਗਾਹ ਹਲਚਲ ਮਚਾਉਣੀ ਹੈ ਤੇ ਨਵਾਬ ਦਾ ਨਾਸ ਕਰਨਾ ਹੈ। ਨਵਾਬ ਨੇ ਇਹ ਸੁਣ ਕਿਹਾ ਕਿ ਜੁੱਤੀਆਂ ਨਾਲ ਕੇਸ ਝਾੜ ਦਿਆਂਗਾ। ਸੁਭਾਵਕ ਹੀ ਭਾਈ ਤਾਰੂ ਸਿੰਘ ਜੀ ਨੇ ਕਿਹਾ ਕਿ ਜੁੱਤੀ ਤੇਰੇ ਸਿਰ ਹੀ ਪੈਣੀ ਹੈ। ਨਾਈ ਬੁਲਾਏ ਪਰ ਉਹ ਤੇਜ ਪ੍ਰਤਾਪ ਦੇਖ ਨੇੜੇ ਨਾ ਹੋਣ। ਮੋਚੀ ਬੁਲਾਏ ਤੇ ਕਿਹਾ ਕਿ ਖੋਪਰੀ ਸਾਥ ਦੇਹੁ ਬਾਲ ਉਤਾਰੇ। ਆਪ ਜੀ ਅਕਾਲ ਅਕਾਲ ਜਪਦੇ ਰਹੇ। ਮੁਖੋਂ ਸੀ ਨਾ ਕੀਤੀ। ਜਦ ਖੋਪਰੀ ਉਤਾਰੀ ਜਾ ਰਹੀ ਸੀ, ਸਾਰਾ ਸਰੀਰ ਹੀ ਲਹੂ ਲੁਹਾਨ ਹੋ ਗਿਆ। ਇੰਜ ਜਾਪੇ ਜਿਵੇਂ ਲਹੂ ਵਿੱਚ ਹੀ ਇਸ਼ਨਾਨ ਹੋ ਰਿਹਾ ਹੈ। ਇਸ ਦੌਰਾਨ ਨਵਾਬ ਜ਼ਕਰੀਆ ਖ਼ਾਨ ਦਾ ਪੇਸ਼ਾਬ ਬੰਦ ਹੋ ਗਿਆ। ਯੋਂ ਤੜਫੇ ਜਿਮ ਜਲ ਮਛੀ। ਸਭ ਇਲਾਜ ਕਰ ਥੱਕੇ। ਉਸ ਫਿਰ ਸਰਦਾਰ ਸੁਬੇਰਾ ਸਿੰਘ ਜੀ ਦੀ ਓਟ ਤੱਕੀ। ਸਰਦਾਰ ਸੁਬੇਰਾ ਸਿੰਘ ਜੀ ਆਪੂੰ ਆਏ ਤੇ ਬਚਨ ਵਾਪਸ ਲੈਣ ਲਈ ਕਿਹਾ ਤਾਂ ਭਾਈ ਤਾਰੂ ਸਿੰਘ ਜੀ ਨੇ ਕਿਹਾ : ਦੁਸ਼ਟ ਨੂੰ ਮਰਨ ਦੇਹ ਪਰ ਭਾਈ ਸੁਬੇਰਾ ਸਿੰਘ ਜੀ ਨੇ ਕਿਹਾ ਕਿ ਸੁਖਮਨੀ ਦਾ ਵਾਕ ਹੈ : ਨਾਨਕ ਸੰਤ ਭਾਵੈ ਤਾਂ ਉਸ ਕਾ ਭੀ ਹੋਇ ਮੋਖ। ਭਾਈ ਜੀ ਨੇ ਕਿਹਾ ਕਿ ਹੁਣ ਜ਼ਕਰੀਆ ਦੀ ਮਦਦ ਸਾਧ ਸੰਗਤ ਹੀ ਕਰ ਸਕਦੀ ਹੈ। ਭਾਈ ਜੀ ਨੇ ਸਿੰਘਾਂ ਨੂੰ ਇਹ ਹੀ ਜਾ ਕੇ ਕਿਹਾ ਕਿ ਉਸ ਖ਼ਾਲਸੇ ਦੀ ਓਟ ਤੱਕੀ ਹੈ ਤੇ ਜੇ 'ਨਹਿ ਸ਼ਕਤਿ ਦਿਖਾਲੇ ਖਾਲਸੋ, ਤੌ ਲਗੈ ਖਾਲਸੇ ਖੋਟ।' ਕੁਝ ਨੇ ਵਿਚੋਂ ਕਹਿ ਦਿੱਤਾ ਕਿ ਨਵਾਬੀ ਵਾਪਸ ਕਰੋ ਤਾਂ ਨਵਾਬ ਕਪੂਰ ਸਿੰਘ ਗੁੱਸੇ ਵਿੱਚ ਹੀ ਬੋਲੇ : ਕਦੇ ਮੰਗਿਆਂ ਵੀ ਰਾਜ ਮਿਲੇ ਹਨ। ਪੰਜਾਬ ਸਾਰਾ ਸਾਡਾ ਹੋਯਾ, ਕਿ ਹੋਆ। ਲਾਹੌਰ ਮਾਰੀ ਕਿ ਮਾਰੀ।

**"ਮਾਂਗਯੋ ਰਾਜ ਕਿਨ ਹਮ ਕੂ ਦੀਆ । ਸਭੈ ਪਿੰਡ ਅਬ ਹੋਇ ਹਮਾਰੇ ।**
**ਜਬ ਹਮ ਲੇਹਿ ਲਹੌਰੇ ਮਾਰੈ ।"**

ਸੋ ਪੰਥ ਨੇ ਇਹ ਹੀ ਨਿਰਣਾ ਦਿੱਤਾ ਕਿ ਭਾਈ ਤਾਰੂ ਸਿੰਘ ਜੀ ਦੀ ਹੀ ਜੁੱਤੀ ਜ਼ਕਰੀਆ ਖ਼ਾਨ ਦੇ ਸਿਰ ਮਾਰਿਆਂ ਇਹ ਕਸ਼ਟ ਘੱਟ ਜਾਏਗਾ । ਅਜਿਹਾ ਹੀ ਕੀਤਾ ਗਿਆ । ਭਾਈ ਜੀ 22 ਦਿਨ ਐਸੀ ਅਵਸਥਾ ਵਿੱਚ ਵਿਚਰੇ ਅਤੇ ਵਾਹਿਗੁਰੂ ਦਾ ਜਾਪ ਕਰਦੇ ਰਹੇ ।

ਪਹਿਲੀ ਜੁਲਾਈ, 1745 ਨੂੰ ਜ਼ਕਰੀਆ ਖ਼ਾਨ ਦੀ ਮ੍ਰਿਤੂ ਹੋ ਗਈ । ਉਸ ਉਪਰੰਤ ਕੁਝ ਲੋਕੀ ਚਲ ਕੇ ਭਾਈ ਤਾਰੂ ਸਿੰਘ ਕੋਲ ਆਏ ਵੀ ਕਿ ਉਨ੍ਹਾਂ ਦਾ ਪ੍ਰਣ ਪੂਰਾ ਹੋ ਗਿਆ । ਸੋ ਉਹ ਆਗਿਆ ਦੇਣ ਤਾਂ ਖੋਪਰ ਜੋੜ ਦਿੱਤਾ ਜਾਏ । ਭਾਈ ਤਾਰੂ ਸਿੰਘ ਜੀ ਨੇ ਕਿਹਾ ਕਿ ਉਹ ਹੁਣ ਦੁਨੀਆ ਨਾਲੋਂ ਰਿਸ਼ਤਾ ਤੋੜ ਚੁੱਕੇ ਹਨ, ਇਹ ਹੀ ਅਰਦਾਸ ਕਰੋ ਕਿ ਨਿਭੈ ਲਾਜ ਸਿੱਖੀ ਕੀ ਓੜੈ । ਸੋ ਉਨ੍ਹਾਂ ਵੀ ਸੁਆਸ ਛੱਡ ਦਿੱਤੇ । ਬੜੀ ਭਾਵ-ਪੂਰਤ ਗਵਾਹੀ ਬੰਸਾਵਲੀ ਨਾਮਾ ਦੇ ਕਰਤਾ ਭਾਈ ਕੇਸਰ ਸਿੰਘ ਛਿੱਬਰ ਨੇ ਦਿੱਤੀ ਹੈ । ਉਹ ਸਮਕਾਲੀ ਸਿੰਘਾਂ ਦੇ ਬ੍ਰਿਤਾਂਤ ਦੇ ਚਰਨ ਚੌਦਾਂ ਵਿੱਚ ਲਿਖਦਾ ਹੈ :

**ਇੱਕ ਸਿੱਖ ਤਾਰੂ ਸਿੰਘ ਮਾਝੇ ਦਾ, ਪਕੜਿਆ ਆਇਆ ਲਾਹੌਰ ।**
**ਸਿਰੋਂ ਉਤਾਰੀ ਖਲੜੀ ਸਮੇਤ ਕੇਸਾਂ ਅਖੌੜ ।**
**ਸਿੱਖ ਹੇਠ ਬਧਾ ਜਪ ਪੜ੍ਹਦਾ ਰਹਿਆ ।**
**ਸਿਰ ਉਪਰੋਂ ਖਲੜੀ ਸਮੇਤ ਕੇਸ ਲਹਾ ਲਇਆ ।**
**ਫਿਰ ਤਿਸ ਨੂੰ ਛਡਿਓ ਨੇ ਕੈਦ ਵਿੱਚ ਪਾਇ ।**
**ਦਿਨ ਪੰਜਵੈ ਤੁਰਕ ਦਾ ਨਾਮ ਵਾਹਿਗੁਰੂ ਦਿੱਤਾ ਕਰਾਇ ।**
**ਪਹਿਲੇ ਮੂਇਆ ਨਬਾਬੁ, ਪਿਛੈ ਤਾਰੂ ਸਿੰਘ ਚਲਿਆ ।**

ਇਸ ਸ਼ਹੀਦੀ ਬਾਅਦ ਆਮ ਸੰਗਤਾਂ ਇਹ ਹੀ ਕਹਿੰਦੀਆਂ ਸਨ :

**ਕਲਾ ਖਾਲਸੇ ਊਚੀ ਭਈ । ਤੁਰਕਨ ਕਲਾ ਨੀਚੀ ਹੋ ਗਈ ।**
**ਧੰਨ ਮਾਤਾ-ਪਿਤਾ, ਧੰਨ ਉਸ ਭਾਈ । ਸਿੱਖੀ ਰਖੀ ਔ ਦੇਹ ਗਵਾਈ ।**

ਜੇ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਜ਼ੁਲਮਾਂ ਦੀ ਅਤਿ ਸੀ ਤਾਂ ਉਹ ਜ਼ੁਲਮ ਦਾ ਅੰਤ ਵੀ ਨਾਲ ਹੀ ਸਾਬਤ ਹੋਈ ।

**'ਲਖ ਸਿਖਾਂ ਦੇ ਤੁਰਕਾਂ ਪਕੜ ਮੁਕਾਏ।**
**ਪਰ ਪੰਥ ਡਾਢੇ ਪੁਰਖ ਦਾ ਵਧਦੋ ਜਾਇ।'**

**ਧੰਨਵਾਦਿ ਸਾਹਿਤ ਵਿਚੋਂ :- ਸਾਡਾ ਇਤਿਹਾਸ**

# ਗੁਰੂ ਮਾਨਿਓ ਗ੍ਰੰਥ

ਹਰੀ ਸਿੰਘ

ਅਸੀਂ ਹਰ ਰੋਜ਼ ਸਵੇਰੇ ਸ਼ਾਮ ਗੁਰਦੁਆਰਿਆਂ ਜਾਂ ਘਰਾਂ ਵਿੱਚ ਅਤੇ ਹੋਰ ਪ੍ਰੋਗਰਾਮਾ ਤੇ ਅਰਦਾਸ ਕਰਨ ਤੋਂ ਮਗਰੋਂ ਇਹ ਦੋਹਰਾ ਪੜ੍ਹਦੇ ਹਾਂ :-

**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ ।**
**ਸਭ ਸਿਖਨ ਕੋ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ ।**
**ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ ।**
**ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੇ ਲੇਹੁ ।**

ਵੇਖਿਆ ਜਾਵੇ ਤਾਂ ਇਹ ਸਭ ਇੱਕ ਰੁਟੀਨ ਵਾਂਗੂ ਪੜ੍ਹ ਛੱਡਦੇ ਹਾਂ ਪਰ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਪਦੇਸ਼ ਕਰ ਰਹੇ ਹਨ, ਉਸ ਉਪਰ ਚਲਨਾ ਤਾਂ ਇੱਕ ਪਾਸੇ ਰਹਿਆ, ਉਸ ਬਾਰੇ ਕਦੇ ਕੋਈ ਸੋਚ ਵੀ ਨਹੀਂ ਆਉਂਦੀ । ਗੁਰੂ ਜੀ ਕਹਿ ਰਹੇ ਹਨ ਕਿ ਉਨ੍ਹਾਂ ਨੇ ਅਕਾਲ ਪੁਰਖ ਦੀ ਆਗਿਆ ਨਾਲ ਇਹ ਖਾਲਸਾ ਪੰਥ ਪ੍ਰਗਟ ਕੀਤਾ ਹੈ ਤੇ ਮੇਰਾ ਸਾਰਿਆਂ ਸਿੱਖਾਂ ਨੂੰ ਹੁਕਮ ਹੈ ਕਿ ਉਨ੍ਹਾਂ ਨੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਹੀ ਗੁਰੂ ਮੰਨਣਾ ਹੈ ਤੇ ਕਿਸੇ ਦੇਹ ਧਾਰੀ ਗੁਰੂ ਅੱਗੇ ਭੁਲਕੇ ਵੀ ਮੱਥਾ ਨਹੀਂ ਟੇਕਣਾ । ਜੇ ਕੋਈ ਵੀ ਸ਼ਰਧਾ ਤੇ ਸ਼ੁਧ ਹਿਰਦੇ ਨਾਲ, ਇਸ ਗ੍ਰੰਥ ਦੀ ਖੋਜ਼ ਕਰੇਗਾ, ਉਹ ਪ੍ਰਭੂ ਦੀ ਮਿਹਰ ਦਾ ਸਦਕਾ ਇਸ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਵੇਗਾ । ਇਹ ਸ਼ਬਦ ਦੀ ਖੋਜ਼ ਕੀ ਹੈ ? ਗੁਰੂ ਦੇ ਉਪਦੇਸ਼ ਨੂੰ ਸਮਝ ਕੇ ਉਸ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹੋਏ ਗੁਰੂ ਦੇ ਸ਼ਬਦ ਨਾਮ ਸਿਮਰਨ ਦੀ ਕਮਾਈ ਕਰਨੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੇਵਲ ਇੱਕ ਅਕਾਲ ਪੁਰਖ ਦੀ ਸਿਫਤ ਸਲਾਹ, ਉਸ ਨਾਲ ਪ੍ਰੇਮ ਅਤੇ ਉਸ ਨੂੰ ਪ੍ਰਾਪਤ ਕਰਨ ਦੇ ਵਸੀਲਿਆਂ ਬਾਰੇ ਹੀ ਉਪਦੇਸ਼ ਹਨ । ਗੁਰਬਾਣੀ ਨੇ ਅਕਾਲ ਪੁਰਖ ਨਾਲ ਮਿਲਾਪ ਨੂੰ ਮਨੁੱਖ ਦੇ ਜੀਵਨ ਦਾ ਅਸਲੀ ਮਨੋਰਥ ਦੱਸਿਆ ਹੈ :-

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ**
**-ਸੋਪੁਰਖੁ ਆਸਾ (ਮਃ ੫) - ਅੰਗ ੧੨**

ਗੁਰਬਾਣੀ ਦੇ ਸੰਕਲਨ ਅਤੇ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਪ੍ਰਸਤੁਤ ਕਰਨ ਦਾ ਸਿਹਰਾ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿਰ ਹੈ । ਇਹ ਵਰਦਾਨ ਆਪ ਜੀ ਨੂੰ ਛੋਟੇ ਹੁੰਦਿਆਂ ਆਪਣੇ ਨਾਨਾ ਜੀ ਸ੍ਰੀ ਗੁਰੂ ਅਮਰਦਾਸ ਜੀ ਪਾਸੋਂਮਿਲਿਆ ਸੀ । ਉਨ੍ਹਾਂ ਕਿਹਾ ਸੀ " **'ਦੋਹਿਤਾ ਬਾਣੀ ਕਾ ਬੋਹਿਥਾ'** ਅਰਥਾਤ ਐ

ਦੋਹਿਤੇ, ਤੁਸੀਂ ਬਾਣੀ ਦੇ ਬੋਹਿਥੇ (ਜਹਾਜ਼) ਬਣੋਗੇ। ਤੁਹਾਡੀ ਬਾਣੀ ਕਲਯੁਗ ਵਿੱਚ ਲੱਖਾਂ ਜੀਵਾਂ ਦਾ ਉਧਾਰ ਕਰੇਗੀ।" ਸਮਾਂ ਪਾ ਕੇ ਗੁਰੂ ਅਮਰਦਾਸ ਜੀ ਦੀ ਭੱਵਿਖ ਬਾਣੀ ਰੰਗ ਲਿਆਈ, ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਤੇ ਹੋਰ ਸਾਰੀ ਧੁਰ ਕੀ ਬਾਣੀ ਨੂੰ ਆਦਿ ਗ੍ਰੰਥ ਦੀ ਸ਼ਕਲ ਦੇਣ ਦਾ ਯਤਨ ਆਰੰਭ ਕੀਤਾ।

ਇਹ ਮਹਾਨ ਕਾਰਜ ਸ੍ਰੀ ਅੰਮ੍ਰਿਤਸਰ ਵਿੱਚ ਰਾਮਸਰ ਦੇ ਕਿਨਾਰੇ ਸੰਨ ੧੬੦੧ ਵਿੱਚ ਆਰੰਭ ਕਰਕੇ, ਸੰਨ ੧੬੦੪ ਵਿੱਚ ਸੰਪੂਰਨ ਕੀਤਾ। ਇਹ ਸਾਰੀ ਦੈਵੀ ਬਾਣੀ ਭਾਈ ਗੁਰਦਾਸ ਜੀ ਨੂੰ ਲਿਖਾਰੀ ਬਣਾ ਕੇ ਲਿਖਾਈ ਗਈ ਸੀ। ਜਿਸ ਦਾ ਪਹਿਲਾਂ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਰਕੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ ਗਿਆ ਸੀ ਤੇ ਉਨ੍ਹਾਂ ਨੂੰ ਗੁਰੂ ਦੇ ਵਜ਼ੀਰ ਦਾ ਖਿਤਾਬ ਦਿੱਤਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਹ ਮੂਲ ਬੀੜ ਧੀਰਮਲ ਆਪਣੇ ਪਾਸ ਕਰਤਾਰਪੁਰ ਲੈ ਗਿਆ ਸੀ। ਇਸ ਲਈ ਇਸ ਨੂੰ ਕਰਤਾਰਪੁਰ ਵਾਲੀ ਬੀੜ ਕਹਿੰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਸੰਨ ੧੭੦੫ ਵਿੱਚ ਤਲਵੰਡੀ ਸਾਬੋ, ਦਮਦਮਾ ਸਾਹਿਬ ਭਾਈ ਡੱਲੇ ਪਾਸ ਠਹਿਰੇ ਸਨ ਤਾਂ ਉਨ੍ਹਾਂ ਨੇ ਧੀਰਮਲ ਨੂੰ ਕਿਹਾ ਸੀ ਕਿ ਇਹ ਬੀੜ ਸਾਨੂੰ ਵਾਪਸ ਦੇ ਦੇਵੋ। ਧੀਰਮਲ ਨੇ ਆਪਣੀ ਆਕੜ ਕਾਰਨ ਮਿਹਣਾ ਮਾਰਿਆ ਸੀ ਕਿ ਜੇ ਸੱਚੇ ਗੁਰੂ ਹੋ ਤਾਂ ਆਪ ਲਿਖਵਾ ਲਵੋ ਅਸੀਂ ਇਹ ਬੀੜ ਨਹੀਂ ਦੇਣੀ। ਇਸ ਲਈ ਗੁਰੂ ਸਾਹਿਬ ਨੇ ਇਹ ਦੂਸਰੀ ਬੀੜ, ਦਮਦਮਾ ਸਾਹਿਬ ਵਾਲੀ ਤਿਆਰ ਕੀਤੀ। ਗੁਰੂ ਜੀ ਖੁਦ ਬਾਣੀ ਜ਼ੁਬਾਨੀ ਉਚਾਰਦੇ ਰਹੇ ਤੇ ਭਾਈ ਮਨੀ ਸਿੰਘ ਜੀ ਲਿਖਦੇ ਰਹੇ।

ਇਸ ਦੇ ਨਾਲ ਹੀ ਗੁਰੂ ਜੀ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਵੱਖ-ਵੱਖ ਰਾਗਾਂ ਅਧੀਨ, ਕ੍ਰਮਵਾਰ ਦਰਜ ਕੀਤੀ। ਫਿਰ ਉਨ੍ਹਾਂ ਨੇ ਆਪਣੇ ਜੋਤੀ ਜੋਤਿ ਸਮਾਉਂਣ ਤੋਂ ਪਹਿਲਾਂ ਸੰਨ ੧੭੦੮ ਵਿੱਚ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਖੇ, ਇਸ ਆਦਿ ਗ੍ਰੰਥ ਨੂੰ ਗੁਰਗੱਦੀ ਸੌਂਪੀ ਤੇ ਜੁਗੋ ਜੁਗ ਅਟੱਲ ਗੁਰੂ ਦਾ ਦਰਜਾ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੪੩੦ ਅੰਗ ਤੇ ੫੮੭੧ ਸ਼ਬਦ ਹਨ। ਇਸ ਵਿੱਚ ਪਹਿਲੇ ਪੰਜ ਗੁਰੂ ਸਾਹਿਬਾਂ ਤੇ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ, ੩੧ ਰਾਗਾਂ ਵਿੱਚ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਜੋ ਵੀ ਆਪਣੀ ਬਾਣੀ ਉਚਾਰਦੇ ਸਨ ਜਾਂ ਦੇਸ਼ ਵਿਦੇਸ਼ਾਂ ਵਿੱਚ ਭ੍ਰਮਣ ਕਰਦੇ ਹੋਏ, ਜਿਨ੍ਹਾਂ ਭਗਤਾਂ ਨੂੰ ਮਿਲਦੇ ਸਨ, ਉਨ੍ਹਾਂ ਦੀ ਬਾਣੀ ਆਪਣੇ ਪਾਸ ਸੰਭਾਲਦੇ ਰਹਿੰਦੇ ਸਨ। ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਕਰਦੇ ਹਨ ਕਿ ਜਦੋਂ ਬਾਬਾ ਬਗਦਾਦ ਗਿਆ ਸੀ ਤਾਂ ਉਨ੍ਹਾਂ ਦੀ ਕੱਛ ਵਿੱਚ ਕਿਤਾਬ ਸੀ। ਇਹ ਕਿਤਾਬ ਉਹ ਲਿਖੀ ਬਾਣੀ ਦੀ ਹੀ ਸੀ :-

**ਬਾਬਾ ਫਿਰ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ ।**
**ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ ।** **(ਵਾਰ ੧)**

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਸੀ ਤੇ ਨਾਲ ਹੀ ਇਹ ਸਾਰੀ ਇਕੱਠੀ ਕੀਤੀ ਬਾਣੀ ਤੇ ਆਪਣੀ ਲਿਖੀ ਹੋਈ ਬਾਣੀ ਵੀ ਭੇਟ ਕੀਤੀ ਸੀ । ਇਸੇ ਤਰ੍ਹਾਂ ਆਪਣੀ ਵਾਰੀ ਸਿਰ ਦੂਸਰੇ ਤੋਂ ਤੀਸਰੇ ਅਤੇ ਤੀਸਰੇ ਤੋਂ ਚੌਥੇ ਸ੍ਰੀ ਗੁਰੂ ਰਾਮਦਾਸ ਜੀ ਤੱਕ ਇਹ ਬਾਣੀ ਪੁੱਜਦੀ ਰਹੀ । ਫਿਰ ਆਖਰ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਹੋਣਹਾਰ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਹ ਖ਼ਜ਼ਾਨਾ ਸੌਂਪ ਦਿੱਤਾ ਸੀ । ਇਸ ਖ਼ਜ਼ਾਨੇ ਦੀ ਗੱਲ, ਆਪ ਸ੍ਰੀ ਗੁਰੂ ਅਰਜਨ ਦੇਵ ਜੀ, ਰਾਗ ਗਉੜੀ ਵਿੱਚ ਕਰਦੇ ਹਨ :-

**ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥**
**ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥**

**ਗਉੜੀ (ਮਃ ੫) – ਅੰਗ ੧੮੬**

ਉਹ ਦੱਸਦੇ ਹਨ ਕਿ ਜਦ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਚਾਰੇ ਗੁਰੂ ਸਾਹਿਬਾਂ ਦੀ ਬਾਣੀ ਦਾ ਖ਼ਜ਼ਾਨਾ ਖੋਲ੍ਹ ਕੇ ਵੇਖਿਆ, ਤੱਦ ਉਨ੍ਹਾਂ ਦੇ ਵਿੱਚ ਆਤਮਿਕ ਆਨੰਦ ਦਾ ਭੰਡਾਰ ਭਰ ਗਿਆ । ਨੋਟ ਕਰਨ ਦੀ ਗੱਲ ਹੈ ਕਿ ਇੱਥੇ ਸ਼ਬਦ **"ਖੋਲ੍ਹ ਕੇ ਵੇਖਿਆ"** ਵਰਤਿਆ ਹੈ, "ਇਕੱਠਾ ਕੀਤਾ" ਨਹੀਂ । ਇਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂਆਂ ਦੀ ਬਾਣੀ ਆਪ ਇਕੱਠੀ ਨਹੀਂ ਕੀਤੀ ਸਗੋਂ ਸਾਰੀ ਦੀ ਸਾਰੀ ਇਕੱਠੀ ਹੋਈ, ਆਪਣੇ ਪਿਤਾ ਗੁਰੂ ਰਾਮਦਾਸ ਜੀ ਪਾਸੋਂ ਮਿਲੀ ਸੀ । ਇਸ ਖ਼ਜ਼ਾਨੇ ਵਿੱਚ ਪ੍ਰਮਾਤਮਾ ਦੀ ਸਿਫਤ ਸਲਾਹ ਦੇ ਅਮੋਲਿਕ ਰਤਨਾਂ ਤੇ ਲਾਲਾਂ ਦੇ ਭੰਡਾਰ ਭਰੇ ਪਏ ਹਨ ਜਿਹੜੇ ਕਦੇ ਵੀ ਮੁੱਕ ਨਹੀਂ ਸਕਦੇ ਅਤੇ ਨਾ ਹੀ ਤੋਲੇ ਜਾ ਸਕਦੇ ਹਨ ।

ਗੁਰੂ ਸਾਹਿਬਾਂ ਦੀ ਬਾਣੀ ਤੋਂ ਇਲਾਵਾ ਇਸ ਵਿੱਚ ੧੫ ਭਗਤਾਂ, ੧੧ ਭੱਟਾਂ ਤੇ ੩ ਮਹਾਂ ਪੁਰਖਾਂ ਦੀ ਬਾਣੀ ਵੀ ਅੰਕਿਤ ਹੈ । ਉਨ੍ਹਾਂ ਭਗਤਾਂ ਵਿੱਚ ਕਬੀਰ ਸਾਹਿਬ, ਨਾਮਦੇਵ ਜੀ, ਰਵਿਦਾਸ ਜੀ, ਬਾਬਾ ਫਰੀਦ ਜੀ ਸਿਰਮੋਰ ਹਨ । ਭਾਵੇ ਇਨ੍ਹਾਂ ਭਗਤਾਂ ਵਿੱਚ, ਕਈ ਅਖੌਤੀ ਨੀਵੀਂ ਤੇ ਕਈ ਅਖੌਤੀ ਉਚੀ ਜਾਤ ਵਾਲੇ ਹਨ ਪਰ ਸਾਰੇ ਗੁਰੂ ਸਾਹਿਬਾਂ ਸਭ ਨੂੰ ਇੱਕੋ ਜਿਹਾ ਸਨਮਾਨ ਦਿੰਦੇ ਹੋਏ ਆਪਣੇ ਨਾਲ, ਇਸ ਗ੍ਰੰਥ ਵਿੱਚ ਜਗ੍ਹਾ ਦਿੱਤੀ । ਇਸ ਲਈ ਜਿਥੇ ਅਸੀਂ ਗੁਰੂ ਸਾਹਿਬਾਂ ਨੂੰ ਮੱਥਾ ਟੇਕਦੇ ਹਾਂ, ਉਥੇ ਇਨ੍ਹਾਂ ਭਗਤਾਂ ਦਾ ਵੀ ਉਨ੍ਹਾਂ ਹੀ ਸਤਿਕਾਰ ਕਰਦੇ ਹਾਂ । ਇੱਥੇ ਬਾਬਾ ਫਰੀਦ ਜੀ ਨਵਾਜ ਪੜ੍ਹਨ ਦੀ ਗੱਲ ਕਰਦੇ ਹਨ :-

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥

ਸਲੋਕ (ਭ. ਫਰੀਦ) – ਅੰਗ ੧੩੮੧

ਇਸੇ ਤਰ੍ਹਾਂ ਜਿਥੇ ਨਾਮ ਦੇਵ ਜੀ ਕ੍ਰਿਸ਼ਨ ਦੀ ਬੰਸਰੀ ਬਾਰੇ ਦੱਸ ਰਹੇ ਹਨ :-

ਧਨਿ ਧੰਨਿ ਓ ਰਾਮ ਬੇਨੁ ਬਾਜੈ ॥
ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ ਰਹਾਉ ॥

ਮਾਲੀ ਗਉੜਾ (ਭ. ਨਾਮਦੇਵ) – ਅੰਗ ੯੮੮

ਉੱਥੇ ਭਗਤ ਕਬੀਰ ਜੀ ਇੱਕੋ ਪਰਮਾਤਮਾ ਦੇ ਨੂਰ ਦੀ ਗੱਲ ਕਰਦੇ ਹਨ:-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ –

ਪ੍ਰਭਾਤੀ (ਭ. ਕਬੀਰ) – ਅੰਗ ੧੩੪੯

ਗੁਰੂ ਸਾਹਿਬ ਅਤੇ ਭਗਤ ਕਹਿੰਦੇ ਹਨ ਕਿ ਅਸੀਂ ਨਹੀਂ ਬੋਲ ਰਹੇ, ਇਹ ਤਾਂ ਸਗੋਂ ਪ੍ਰਮਾਤਮਾ ਸਾਡੇ ਰਾਹੀ ਬੋਲ ਰਿਹਾ ਹੈ। ਇਤਿਹਾਸ ਵਿੱਚ ਸਬੂਤ ਮਿਲਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਰਦਾਨੇ ਨੂੰ ਆਪ ਕਿਹਾ ਕਰਦੇ ਸਨ ਕਿ ਰਬਾਬ ਛੇੜ, ਬਾਣੀ ਆਈ ਹੈ। ਇਸ ਲਈ ਉਹ ਆਪਣੀ ਬਾਣੀ ਵਿੱਚ ਕਹਿੰਦੇ ਹਨ ਕਿ ਇਹ ਪ੍ਰਭੂ ਦੀ ਪ੍ਰੇਰਨਾ ਸਦਕਾ ਹੀ ਹੈ, ਜੋ ਉਸ ਨੇ ਮੇਰੇ ਪਾਸੋਂ ਅਖਵਾਇਆ ਹੈ, ਮੈਂ ਉਹ ਹੀ ਆਖ ਰਿਹਾ ਹਾਂ :-

ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ ਵਡਹੰਸ (ਮਃ ੧) – ਅੰਗ ੫੬੬

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਤਾਂ ਇਸ ਦਾ ਹੋਰ ਪ੍ਰਤੱਖ ਸਬੂਤ ਦਿੰਦੇ ਹਨ:-

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥

ਸੂਹੀ ਸੁਚਜੀ (ਮਃ ੧) – ਅੰਗ ੭੬੩

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥
॥੨॥੧੩॥੭੭॥ – ਸੋਰਠਿ (ਮਃ ੫) – ਅੰਗ ੬੨੮

ਭਗਤ ਕਬੀਰ ਸਾਹਿਬ ਕਹਿੰਦੇ ਹਨ ਕਿ ਇਹ ਤਾਂ ਬ੍ਰਹਮ ਵਿਚਾਰ ਹੈ, ਕੋਈ ਗੀਤ ਨਹੀਂ :-

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥

ਗਉੜੀ (ਭ ਕਬੀਰ) – ਅੰਗ ੩੩੫

ਅਸੀਂ ਵੇਖਦੇ ਹਾਂ ਕਿ ਸਾਡੇ ਕਿਸੇ ਵੀ ਚੰਗੇ ਜਾਂ ਭੈੜੇ ਬੋਲਾਂ ਦਾ ਦੂਸਰਿਆਂ ਉਪਰ ਸ਼ਬਦ ਦੀ ਭਾਵਨਾ ਅਨੁਸਾਰ ਅਸਰ ਹੁੰਦਾ ਹੈ। ਕਿਸੇ ਨੂੰ ਚੰਗੇ ਬੋਲ ਬੋਲਣ ਨਾਲ ਉਹ ਖੁੱਸ਼ ਹੋ ਜਾਂਦਾ ਹੈ ਤੇ ਇਸ ਤੇ ਉਲਟ ਜੇ ਕਰ ਕਿਸੇ ਨੂੰ ਕੋਈ ਭੈੜਾ ਬੋਲ 'ਤੂੰ ਮੂਰਖ ਹੈ' ਕਹਿ ਕੇ ਵੇਖੋ ਤਾਂ ਉਹ ਗੁੱਸੇ ਨਾਲ ਪਾਗਲ ਹੋ ਕੇ, ਮਾਰਨ ਤੱਕ ਦੌੜੇਗੇ। ਇਹ ਗੁਰਬਾਣੀ ਤਾਂ ਗੁਰੂਆਂ ਤੇ ਭਗਤਾਂ ਦੇ ਮੁਖਾਰਬਿੰਦ ਤੋਂ ਉਚਾਰੇ ਹੋਏ, ਇਲਾਹੀ ਬਚਨ ਹਨ। ਇਨ੍ਹਾਂ ਨੂੰ ਪੜ੍ਹਨ ਤੇ ਸੁਣਨ ਨਾਲ ਤਾਂ ਸਾਡੇ ਉਪਰ ਖਾਸ ਅਸਰ ਹੋਵੇਗਾ ਤੇ ਸਾਡੇ ਜੀਵਨ ਵਿੱਚ ਵੀ ਤਬਦੀਲੀ ਆਵੇਗੀ।

ਦੁਨੀਆਂ ਦੇ ਦੂਸਰੇ ਮਜ਼ਹਬਾਂ ਦੇ ਧਰਮ ਗ੍ਰੰਥਾਂ ਵਿੱਚ ਤੇ ਸਿੱਖਾਂ ਦੇ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਵੱਡਾ ਇਹ ਫਰਕ ਹੈ ਕਿ ਜਿੱਥੇ ਉਹ ਸਦੀਆਂ ਪੁਰਾਣੀਆਂ ਭਾਸ਼ਾਵਾਂ ਵਿੱਚ ਲਿਖੇ ਗਏ ਹਨ ਜੋ ਕਿ ਅੱਜ ਕਲ੍ਹ ਬਿਲਕੁਲ ਨਹੀਂ ਬੋਲੀਆਂ ਜਾਂਦੀਆਂ ਤੇ ਆਮ ਲੋਕਾਂ ਨੂੰ ਸਮਝ ਨਹੀਂ ਆਉਂਦੀਆਂ, ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦੀ ਆਪਣੀ ਵਰਤਮਾਨ ਸਰਲ ਤੇ ਆਸਾਨ ਭਾਸ਼ਾ ਵਿੱਚ ਲਿਖਿਆ ਹੋਇਆ ਹੈ। ਇਸ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਹਰ ਸਿੱਖ ਆਪਣੇ ਗੁਰੂ ਦਾ ਉਪਦੇਸ਼, ਬਿਨਾਂ ਕਿਸੇ ਵਿਚੋਲੇ ਦੇ ਸਮਝ ਸਕਦਾ ਹੈ। ਪਰ ਕੁਰਾਨ ਸਰੀਫ ਜਾਂ ਪਵਿੱਤਰ ਵੇਦਾਂ ਨੂੰ ਸਮਝਣ ਲਈ ਮੁਸਲਮਾਨ ਜਾਂ ਹਿੰਦੂ ਵੀਰਾਂ ਲਈ ਲਾਜ਼ਮੀ ਹੈ ਕਿ ਉਹ ਕਿਸੇ ਮੁਲਾਂ ਜਾਂ ਪੰਡਿਤ ਦੀ ਸਹਾਇਤਾ ਪ੍ਰਾਪਤ ਕਰਨ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਜਿਸ ਪ੍ਰਾਣੀ ਨੇ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਨੇ ਹੋਣ, ਉਹ ਸ਼ਰਧਾ ਭਾਵਨਾ ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰੇ ਤੇ ਇਹ ਹੀ ਸਤਿਗੁਰੂ ਜੀ ਦੇ ਦਰਸ਼ਨ ਹਨ। ਜਿਸ ਨੇ ਸਤਿਗੁਰੂ ਜੀ ਨਾਲ ਬਚਨ ਕਰਨੇ ਹੋਣ ਉਹ ਗੁਰੂ ਦੀ ਬਾਣੀ ਨੂੰ ਪ੍ਰੇਮ ਸਹਿਤ ਵਿਚਾਰ ਨਾਲ ਪੜ੍ਹੇ :-

ਗੁਰ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ।
ਬਾਤ ਕਰਨ ਗੁਰੂ ਸੋ ਚਹੈ ਪੜੇ ਗ੍ਰੰਥ ਲਾਇ। (ਗੁਰ ਬਿਲਾਸ ਪਾ : ੬)

ਸਤਿਗੁਰੂ ਜੀ ਦੇ ਗੁਰਬਾਣੀ ਰਾਹੀਂ ਕੀਤੇ ਹੁਕਮ ਨੂੰ ਮੰਨਣਾ, ਜਿਥੇ ਅਤਿ ਜ਼ਰੂਰੀ ਹੈ, ਉੱਥੇ ਉਸ ਗ੍ਰੰਥ, ਜਿਸ ਤੋਂ ਉਹ ਉਪਦੇਸ਼ ਆ ਰਿਹਾ ਹੈ, ਉਸ ਨੂੰ ਗੁਰੂ ਰੂਪ ਜਾਣ ਕੇ, ਸਤਿਕਾਰ ਕਰਨਾ ਵੀ ਓਨਾਂ ਹੀ ਲਾਜ਼ਮੀ ਹੈ। ਕਿਸੇ ਮਨੁੱਖ ਦਾ ਵੀ ਅਸਲੀ ਰੂਪ ਵਿੱਚ ਹੁਕਮ ਮੰਨਣ ਤੋਂ ਪਹਿਲਾਂ, ਉਸ ਪ੍ਰਤੀ ਸਤਿਕਾਰ ਸ਼ਰਧਾ ਤੇ ਭਾਵਨਾ ਬਣਾਉਂਣੀ ਬਹੁਤ ਜ਼ਰੂਰੀ ਹੈ, ਵਰਨਾ ਪੂਰਨ ਰੂਪ ਵਿੱਚ ਹੁਕਮ ਨਹੀਂ ਮੰਨ ਸਕਦੇ ਤੇ ਨਾ ਹੀ ਪੂਰਨ ਲਾਭ ਪ੍ਰਾਪਤ ਕਰ ਸਕਦੇ ਹਾਂ।

ਸ੍ਰੀ ਗੁਰੂ ਅਰਜਨ ਦੇਵ ਜੀ ਤੇ ਬਾਕੀ ਸਾਰੇ ਗੁਰੂ ਸਾਹਿਬ, ਖੁੱਦ ਇਸ ਗ੍ਰੰਥ ਦਾ ਬਹੁਤ ਸਤਿਕਾਰ ਕਰਦੇ ਸਨ। ਜਦੋਂ ਗੁਰੂ ਅਰਜਨ ਦੇਵ ਜੀ ਨੇ ਇਸ ਗ੍ਰੰਥ ਦਾ ਪਹਿਲਾਂ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਕੀਤਾ ਸੀ ਤੇ ਰਾਤ ਨੂੰ ਸੁਖਆਸਣ ਕਰਨ ਤੋਂ ਬਾਅਦ ਆਪ ਸਤਿਕਾਰ ਵਜੋਂ ਉਸੇ ਕਮਰੇ ਵਿੱਚ ਥੱਲੇ ਸੌਂਦੇ ਸਨ।

ਇਸੇ ਤਰ੍ਹਾਂ ਇੱਕ ਵਾਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸੰਗਤ ਵਿੱਚ ਕਿਹਾ ਸੀ ਕਿ ਕੋਈ ਸਿੱਖ ਜਪੁ ਜੀ ਸਾਹਿਬ ਦਾ ਸ਼ੁਧ ਪਾਠ ਕਰਕੇ ਸੁਣਾਵੇ। ਉਸ ਵੇਲੇ ਇੱਕ ਭਾਈ ਗੋਪਾਲ ਜੀ ਨੇ ਅੱਗੇ ਆ ਕੇ ਬੇਨਤੀ ਕੀਤੀ ਸੀ ਕਿ ਜੇ ਆਪ ਦੀ ਮਿਹਰ ਹੋਵੇ ਤਾਂ ਦਾਸ ਜਤਨ ਕਰੇ। ਭਾਈ ਗੋਪਾਲ ਜੀ ਨੇ ਇੰਨਾਂ ਸ਼ੁੱਧ ਤੇ ਪ੍ਰੇਮ ਨਾਲ ਪਾਠ ਕੀਤਾ ਕਿ ਗੁਰੂ ਸਾਹਿਬ ਆਪਣੇ ਸਿੰਘਾਸਨ ਤੋਂ ਥੱਲੇ ਉੱਤਰਨ ਲੱਗ ਗਏ ਸਨ ਕਿ ਇਸ ਨੂੰ ਆਪਣੀ ਥਾਂ ਦੇ ਦੇਣੀ ਹੈ। ਪਰ ਜਦ ਗੋਪਾਲ ਜੀ ਆਖਰੀ ਸ਼ਲੋਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਤੇ ਪੁੱਜੇ ਤਾਂ ਅੰਦਰ ਫੁਰਨਾ ਆ ਗਿਆ ਕਿ ਜੇ ਗੁਰੂ ਜੀ ਇਸ ਸੇਵਾ ਤੇ ਖੁੱਸ਼ ਹੋ ਕੇ ਉਸ ਨੂੰ ਇੱਕ ਘੋੜਾ ਦੇ ਦੇਣ, ਤਾਂ ਬਹੁਤ ਚੰਗਾ ਹੈ। ਭਗਤ ਦੀ ਇਸ ਸੋਚ ਨੂੰ ਪੜ੍ਹਦੇ ਹੋਏ ਗੁਰੂ ਜੀ ਫਿਰ ਸਿੰਘਾਸਣ ਤੇ ਬੈਠ ਗਏ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸ਼ੁੱਧ ਬਾਣੀ ਪੜ੍ਹਨ ਵਾਲੇ ਲਈ ਗੁਰੂ ਜੀ ਆਪਣਾ ਸਭ ਕੁਝ, ਉਸ ਉੱਪਰ ਨਿਛਾਵਰ ਕਰਨ ਲਈ ਤਿਆਰ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜਿੱਥੇ ਅਸੀਂ ਸਤਿਕਾਰ ਕਰਨਾ ਹੈ, ਸੇਵਾ ਕਰਨੀ ਹੈ, ਚੰਗੇ ਚੰਗੇ ਰੁਮਾਲੇ ਭੇਂਟ ਕਰਨੇ ਹਨ, ਉੱਥੇ ਇਸ ਦੀ ਬਾਣੀ ਸਮਝ ਕੇ ਪਾਠ ਤੇ ਜੋ ਇਸ ਵਿੱਚ ਉਪਦੇਸ਼ ਹੈ ਉਸ ਤੇ ਅਮਲ ਕਰਨਾ ਹੈ ਤਾਂ ਹੀ ਸਾਡਾ ਜੀਵਨ ਸਫ਼ਲ ਹੋਵੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਵੀ ਬਾਣੀ ਅੰਕਿਤ ਹੈ ਉਹ ਗੁਰੂ ਸਾਹਿਬਾਂ ਤੇ ਭਗਤਾਂ ਦੀ ਆਤਮਾ ਤੋਂ ਨਿਕਲੇ ਹੋਏ ਇਲਾਹੀ ਬਚਨ, ਸਾਡੇ ਜੀਵਨ ਸਫਲ ਬਣਾਉਂਣ ਲਈ ਉਪਦੇਸ਼ ਹਨ। ਗੁਰੂ ਦੇ ਬੋਲ ਜਾਂ ਉਪਦੇਸ਼ ਗੁਰੂ ਹੁੰਦੇ ਹਨ ਨਾ ਕਿ ਗੁਰੂ ਦਾ ਸਰੀਰ। ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂ ਦੀ ਪ੍ਰਥਾ ਹੀ ਸਮਾਪਤ ਕਰ ਦਿੱਤੀ ਸੀ। ਅਸੀਂ ਦੇਹਧਾਰੀ ਗੁਰੂ ਨਾਲ ਸਰੀਰ ਕਰਕੇ ਸਦਾ ਨਹੀਂ ਰਹਿ ਸਕਦੇ ਤੇ ਨਾ ਹੀ ਐਸਾ ਗੁਰੂ ਹਰ ਥਾਂ, ਹਰ ਸਮੇਂ, ਸਭ ਨਾਲ ਰਹਿ ਸਕਦਾ ਹੈ ਪਰ ਗੁਰੂ ਦੇ ਰਾਹੀ ਉੱਚਾਰੀ ਹੋਏ ਗੁਰਬਾਣੀ ਸਾਡਾ ਪੱਕਾ ਸਾਥੀ ਬਣ ਸਕਦੀ ਹੈ। ਅਸਲ ਵਿੱਚ ਦਸ ਜਾਮਿਆਂ ਵਿੱਚ ਵਿਚਰਦੇ ਹੋਏ ਵੀ ਗੁਰੂ ਸਾਹਿਬਾਂ ਸ਼ਬਦ ਨੂੰ ਹੀ ਗੁਰੂ ਪ੍ਰਚਾਰਦੇ ਰਹੇ ਹਨ :-

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥**

**ਨਟ (ਮਃ ੪) – ਅੰਗ ੯੮੨**

ਗੁਰੂ ਦੀ ਸਿੱਖਿਆ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਤੇ ਉਸ ਉੱਪਰ ਅਮਲ ਕਰਨ ਨਾਲ ਤੇ ਉਸ ਦੀ ਨਦਰ ਨਾਲ ਹੀ ਪਾਰ ਉੱਤਾਰਾ ਹੋ ਸਕਦਾ ਹੈ :-

**ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥ ॥੨॥**

**- ਆਸਾ ਕੀ ਵਾਰ (ਮਃ ੧) - ਅੰਗ ੪੬੫**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ, ਵੀਚਾਰ ਦੀ ਪੂਜਾ ਹੈ । ਇਸ ਬਾਰੇ ਭਾਈ ਗੁਰਦਾਸ ਜੀ ਵੀ ਹਾਮੀ ਭਰਦੇ ਹਨ ਕਿ ਉਸ ਪ੍ਰੀਤਮ ਦੇ ਦੇਸ ਨਿਰੀਆਂ ਗੱਲਾਂ ਮਾਰਨ ਨਾਲ ਨਹੀਂ ਪੁੱਜ ਸਕਦੇ । ਇਹ ਨਹੀਂ ਹੋ ਸਕਦਾ ਕਿ ਬੱਸ ਸਾਰੀ ਉੱਮਰ ਬੈਠੇ ਰਸਤੇ ਬਾਰੇ ਹੀ ਪੁਛਦੇ ਰਹੋ, ਪਰ ਰਸਤੇ ਤੇ ਨਾ ਚਲੋ । ਖਿਆਲ ਰਹੇ ਕਿ ਰਸਤੇ ਤੇ ਚੱਲਣ ਨਾਲ ਹੀ ਮੰਜਿਲ ਤੇ ਪੁਜਾਂਗੇ, ਜਿਵੇਂ:-

ਪੂਛਤ ਪਥਕਿ ਤਿਹ ਮਾਰਗ ਨ ਧਰੈ ਪਗਿ ।
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ ।

ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਦਾ ਇਨ੍ਹਾਂ ਹੀ ਭਾਵ ਹੈ ਕਿ ਐ ਗੁਰੂ ! ਮੈਂ ਅੱਜ ਤੱਕ ਆਪਣੀ ਮੱਤ ਨਾਲ ਬਹੁਤ ਕੁਝ ਕਰਕੇ ਵੇਖ ਲਿਆ ਹੈ ਪਰ ਸਦਾ ਦੁੱਖ ਤਕਲੀਫ ਤੇ ਪ੍ਰੇਸ਼ਾਨੀਆਂ ਤੋਂ ਸਿਵਾ ਕੁਝ ਵੀ ਨਹੀਂ ਮਿਲਿਆ । ਹੁਣ ਮੈਂ ਹਾਰ ਕੇ ਆਪਣੀ ਮੱਤ ਤੁਹਾਡੇ ਅੱਗੇ ਰੱਖਦਾ ਹਾਂ ਤੇ ਤੁਹਾਡੀ ਮੱਤ ਤੇ ਚੱਲਣ ਦਾ ਯਤਨ ਕਰਦਾ ਹਾਂ :-

**ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥ -**

**ਗਉੜੀ ਸੁਖਮਨੀ (ਮਃ ੫) - ਅੰਗ ੨੮੮**

ਜੇ ਅਸੀਂ ਗੁਰੂ ਦੀ ਮਤ ਤੇ ਨਹੀਂ ਚੱਲਦੇ ਤਾਂ ਯਾਦ ਰਖੋ ਕਿ ਅਸੀਂ ਮੱਥੇ ਭਾਵੇਂ ਜਿੰਨੇ ਮਰਜੀ ਰਗੜ ਰਗੜ ਕੇ ਟੇਕੀਏ ਉਸ ਨਾਲ ਗੱਲ ਨਹੀਂ ਬਣੇਗੀ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਾਰੀ ਸਿੱਖਿਆ ਦਾ ਨਿਚੋੜ ਬੱਸ ਕੇਵਲ ਨਾਮ ਜਪਣ ਦਾ ਹੀ ਉਪਦੇਸ਼ ਹੈ । ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਰਾਗ ਵਿੱਚ ਫੈਸਲਾਕੁਨ ਗੱਲ ਕਹੀ ਹੈ :-

**ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥**

**ਸੂਹੀ (ਮਃ ੧) - ਅੰਗ ੭੨੮**

ਇਸੇ ਤਰ੍ਹਾਂ ਗੁਰੂ ਜੀ ਨੇ ਹੇਠਲੀ ਪੰਕਤੀ ਵਿੱਚ ਤਾਂ ਗੱਲ ਹੀ ਖਤਮ ਕਰਦੇ ਹਨ:-

**ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥ ਭੈਰਉ (ਮਃ ੫) - ਅੰਗ ੧੧੩੬**

ਨਾਮ ਜਪਨ ਬਾਰੇ ਸੁਖਮਨੀ ਸਾਹਿਬ ਦੀ ਵੀ ਇੱਕ ਬਹੁਤ ਅਹਿਮ ਪੰਕਤੀ ਹੈ :-

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**

**- ਗਉੜੀ ਸੁਖਮਨੀ (ਮਃ ੫) - ਅੰਗ ੨੬੬**

ਇੱਥੇ ਦੋ ਸਵਾਲ ਕੀਤੇ ਗਏ ਹਨ । ਪਹਿਲਾਂ, ਸਾਰਿਆਂ ਧਰਮਾਂ ਵਿੱਚ ਸ੍ਰੇਸ਼ਟ ਧਰਮ ਕਿਹੜਾ ਹੈ ਅਤੇ ਦੂਸਰਾ, ਸਾਰਿਆਂ ਕਰਮਾਂ ਵਿੱਚੋਂ ਸਭ ਤੋਂ ਨਿਰਮਲ ਕਰਮ ਕਿਹੜਾ ਹੈ ? ਇਨ੍ਹਾਂ ਦੋਹਾਂ ਸਵਾਲਾਂ ਦਾ ਇੱਕੋ ਹੀ ਉੱਤਰ ਹੈ ਕਿ "ਹਰਿ ਕੋ ਨਾਮੁ ਜਪਿ"। ਬੱਸ ਇਹੋ ਹੀ ਸਰੇਸ਼ਟ ਧਰਮ ਹੈ ਤੇ ਇਹੋ ਹੀ ਨਿਰਮਲ ਕਰਮ ਹੈ । ਭਗਤ ਰਵਿਦਾਸ ਜੀ ਵੀ ਸਮਝਾਉਂਦੇ ਹਨ ਕਿ ਨਾਮ ਤੋਂ ਬਿਨਾਂ ਤਾਂ ਸਾਡੇ ਹੋਰ ਸਾਰੇ ਕੰਮ ਬਿਲਕੁਲ ਕੰਮ ਨਹੀਂ ਆਉਣੇ :-

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**

**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥ -**
**ਧਨਾਸਰੀ (ਭ. ਰਵਿਦਾਸ) - ਅੰਗ ੬੯੪**

ਸਾਡੀ ਬਦਕਿਸਮਤੀ ਹੈ ਕਿ ਜਿਨ੍ਹਾਂ ਇਹ ਨਾਮ ਜਪਣ ਦਾ ਕੰਮ ਮਹਾਨ ਤੇ ਜ਼ਰੂਰੀ ਹੈ ਉਨ੍ਹੇ ਹੀ ਅਸੀਂ ਇਸ ਤੋਂ ਬੇਪ੍ਰਵਾਹ ਹਾਂ । ਦਰਅਸਲ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਲਗਨ ਤਾਂ ਹੈ ਨਹੀਂ ਪਰ ਕੇਵਲ ਗੱਲਾਂ ਬਾਤਾਂ ਕਰਕੇ ਇਹ ਵਿਖਾਵਾ ਕਰਦੇ ਰਹਿੰਦੇ ਹਾਂ ਕਿ ਅਸੀਂ ਬਹੁਤ ਧਰਮੀ ਹਾਂ । ਬੱਸ ਸਿਮਰਨ ਦੀ ਵਿਧੀ ਬਾਰੇ ਪੁਛਦੇ ਤਾਂ ਰਹਿੰਦੇ ਹਾਂ ਪਰ ਅੱਗੇ ਰਸਤੇ ਤੇ ਚੱਲਣ ਦੀ ਹਿੰਮਤ ਨਹੀਂ ਕਰਦੇ । ਵੇਖਦੇ ਹਾਂ ਕਿ ੬੦ ਜਾਂ ੬੫ ਸਾਲਾਂ ਦੇ ਬਜੁਰਗ ਪਿਛਲੇ ੩੦-੩੫ ਸਾਲਾਂ ਤੋਂ ਲਗਾਤਾਰ ਗੁਰਦੁਆਰੇ, ਬਿਨਾਂ ਨਾਗਾ ਜਾਂਦੇ ਹੋਏ, ਅਜੇ ਨਾਮ ਜਪਣ ਦੀ ਵਿਧੀ ਬਾਰੇ ਹੀ ਪੁੱਛਦੇ ਰਹਿੰਦੇ ਹਨ ਤੇ ਜ਼ਰਾ ਸੋਚੋ ਕਿ ਮੰਜਿਲ ਵੱਲ ਕਦੋਂ ਚੱਲਣਗੇ ? ਇਸੇ ਤਰਾਂ ਕਈ ਬੀਬੀਆਂ ਦਾਆਵਾ ਕਰਦੀਆਂ ਹਨ ਕਿ ਉਨ੍ਹਾਂ ਨੇ ੧੦੧ ਸੁਖਮਨੀ ਸਾਹਿਬ ਦੇ ਪਾਠ ਕੀਤੇ ਹਨ । ਬਹੁਤ ਚੰਗਾ ਉਦਮ ਹੈ ਤੇ ਸਲਾਘਾਯੋਗ ਕੰਮ ਹੈ,

ਪਰ ਜਰਾ ਉਨ੍ਹਾਂ ਤੋਂ ਪੁਛੋ ਕਿ ਸੁਖਮਨੀ ਸਾਹਿਬ ਵਿੱਚ ਸਿਮਰਨ ਕਰਨ ਬਾਰੇ ਵਾਰ-ਵਾਰ ਉਪਦੇਸ਼ ਹੈ, ਉਸ ਵੱਲ ਵੀ ਕਦੀ ਖਿਆਲ ਕੀਤਾ ਹੈ। ਉਹ ਹੈਰਾਨ ਹੋ ਕੇ ਵੇਖਣ ਗੀਆਂ ਕਿ ਸਿਮਰਨ ਕਰਨ ਦੀ ਇਹ ਕਿਹੜੀ ਨਵੀਂ ਗੱਲ ਆਖ ਰਹੇ ਹੋ।

ਅਸਲੀ ਮਸਕਦ ਤਾਂ ਗੁਰਬਾਣੀ ਪਹਿਲਾਂ ਵਿਚਾਰ ਕੇ ਪੜ੍ਹਨਾ, ਉਸ ਦੇ ਉਪਦੇਸ਼ ਉੱਪਰ ਅਮਲ ਕਰਨਾ ਅਤੇ ਫਿਰ ਸਿਮਰਨ ਹੋਣਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਜੀਵਨ ਨੂੰ ਸਫ਼ਲਾ ਕਰ ਲਈਏ। ਸਦਾ ਯਾਦ ਰੱਖੋ :-

**ਸੁੱਖ ਵੇਲੇ ਧੰਨਵਾਦ, ਦੁੱਖ ਵੇਲੇ ਅਰਦਾਸ ਤੇ ਹਰ ਸਮੇਂ ਜਾਪ।**

**ਧੰਨਵਾਦਿ ਸਾਹਿਤ ਵਿਚੋਂ:- ਨਾਨਕ ਕੈ ਘਰਿ ਕੇਵਲ ਨਾਮੁ**

# ਗਤੀਵਿਧੀਆਂ

**ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ** -: **ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਦੇ ਹੋਏ ਇਸਤਰੀ ਸਤਿਸੰਗ ਸਭਾ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਲੜੀ ਅਰੰਭ ਕੀਤੀ ਗਈ ਸੀ। ਲੜੀ ਦੀ ਸੰਪੂਰਨਤਾ 7-6-2019 ਸੁੱਕਰਵਾਰ ਨੂੰ ਸ੍ਰੀ ਗੁਰੂ ਅਰਹਜੁਨ ਦੇਵ ਹੀ ਦੇ ਸਹੀਦੀ ਦਿਵਸ ਵਾਲੇ ਦਿਨ ਕੀਤੀ ਗਈ। ਉਪਰੰਤ ਗੁਰਮਤਿ ਸਮਾਗਮ 11 ਵਜੇ ਤੱਕ ਹੋਏ ਜਿਸ ਵਿੱਚ ਇਸਤਰੀ ਸਤਿਸੰਗ ਸਭਾ ਅਤੇ ਗੁਰਮਤਿ ਪ੍ਰਸਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਦੁਆਰਾ ਕੀਰਤਨ ਕੀਤਾ ਗਿਆ** ਤੇ ਕਥਾ ਦੀ ਸੇਵਾ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਨੇ ਨਿਭਾਈ। **ਮਿੱਠੇ ਜਲ ਦੀ ਛਬੀਲ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।**

## ਗੁਰਮਤਿ ਸਮਰ ਕੈਂਪ :-

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਗਰਮੀ ਦੀਆਂ ਛੁੱਟੀਆਂ ਵਿੱਚ ਮਿਤੀ 10 ਜੂਨ ਤੋਂ 29 ਜੂਨ ਤੱਕ** ਗੁਰਮਤਿ ਕਲਾਸਾ ਗੁਰਮਤਿ ਪ੍ਰਸਾਰ ਭਵਨ ਵਿਖੇ ਲਗਾਈਆਂ ਗਈਆਂ ਜਿਸ ਵਿੱਚ 30 ਬੱਚਿਆਂ ਨੇ ਭਾਗ ਲਿਆ। ਇਹਨਾ ਬੱਚਿਆਂ ਨੂੰ ਗੁਰਮਤਿ, ਗੁਰਬਾਣੀ ਕੀਰਤਨ, ਗੁਰ ਇਤਿਹਾਸ, ਕਵਿਤਾ, ਦਸਤਾਰ ਸਜਾਉਣੀ ਦੁਮਾਲਾ ਸਜਾਉਣਾ, ਸਿਖਾਇਆ ਗਿਆ।

**<u>ਸਰੀਰਕ ਫਿਟਨਸ ਕੈਂਪ</u>** :- ਇਸ ਤੋਂ ਇਲਾਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਫਿਟਨਸ ਐਕਸਰਸਾਇਜ ਕਰਵਾਉਣ ਦੀ ਸੇਵਾ ਸ. ਇੰਦਰਜੀਤ ਸਿੰਘ ਮੁੱਖ ਸੇਵਾਦਾਰ ਗੁਰਮਤਿ ਪ੍ਰਸਾਰ ਸੇਵਾ ਸੋਸਾਈਟੀ ਨੇ ਨਿਭਾਈ ।

**ਸ਼ੁਕਰਾਨਾ ਸਮਾਗਮ :-**ਮਿਤੀ 29-6-2019 (ਸ਼ਨੀਵਾਰ) ਨੂੰ ਗੁਰਮਤਿ ਕਲਾਸਾ ਦੀ ਸੰਪੂਰਨਤਾ ਤੇ ਸ਼ੁਕਰਾਨਾ ਸਮਾਗਮ ਕੀਤੇ ਗਏ ਜਿਸ ਵਿੱਚ ਗੁਰਮਤਿ ਕਲਾਸਾ ਲਗਾਉਣ ਵਾਲੇ ਬੱਚਿਆ ਨੇ ਸੰਗਤਾ ਨੂੰ ਗੁਰਬਾਣੀ ਕੀਰਤਨ, ਕਵੀਤਾ ਨਾਲ ਨਿਹਾਲ ਕੀਤਾ ।ਗੁਰਮਤਿ ਕਲਾਸਾ ਲਗਾਉਣ ਵਾਲੇ ਸਾਰੇ ਬੱਚਿਆ ਨੂੰ ਸਨਮਾਨਿਤ ਕੀਤਾ ਗਿਆਂ ।ਉਪਰੰਤ ਗੁਰੂ ਕੇ ਲੰਗਰ ਵਰਤਾਏ ਗਏ । ਸੰਗਤਾ ਨੇ ਇਸ ਉਪਰਾਲੇ ਦੀ ਬਹੁਤ ਸਲਾਘਾ ਕੀਤੀ ।












# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਜੂਨ 2019 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 66 | 135 | 201 |
| 2 | Eye | 17 | 50 | 67 |
| 3 | E.N.T. | 05 | 15 | 21 |
| 3 | Cardiology | 04 | 36 | 40 |
| 4 | Dental | 39 | 105 | 144 |
| 5 | Gynaecology | 13 | 22 | 35 |
| 6 | Homoeopathy | 47 | 347 | 394 |
| | Total | 192 | 710 | 902 |
| | Laboratory | 149 | | 149 |

## ਧੰਨਵਾਦ :

## ਮਈ 2019 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Surjit Singh # 589/Silver Enclave/Sector-125 500/-
2. S. Dhanwant Singh #447/Phase-4/Mohali 1,000/-
3. Bibi Terinderjit Kaur # 992/Sector-69/Mohali 15,000/-
4. Smt. Nripjit Kaur # Govt. Poly. College/G.T.B/ Moga 10,600/-
5. S. Manveer Singh/Sunam/Distt. Sangrur 510/-
6. S. Arvinder Pal Singh/Amritsar 850/-
7. Dr. Jagjit Singh # 25/Phase-7/Mohali 10,000/-
8. S. Ranjit Singh #100/Phase- 3BI/Mohali 10,000/-
9. S. Harbhajan Singh #731/Phase- 3BI/Mohali 15,000/-
10. S. Narinder Bir Singh #1444/Sector- 34C/Chd 17,500/-
11. Bibi Surjit Kaur #1444/Sector- 34C/Chd 17,000/-
12. Dr. Saranjit Singh #2817/Phase- 7/Mohali 2,000/-
13. S. Harjinder Singh # 12/Sunny Enclave/M.K 500/-
14. S. D.P Singh #393/Phase- 9/Mohali 1,200/-
15. S. Sarbjit Singh #49A/Comfort Homes/Kharar 3,000/-
16. S. Inderjit Singh# 3525/Sector-38D/Chd 3,100/-
17. S. Jagjit Singh/Mundi Kharar/Mohali 200/-
18. S. Navpreet Singh/Mundi Kharar 50/-
19. S. Mohinder Singh/Mundi Kharar 500/-
20. Bibi Prabhjot Kaur/Kharar 200/-
21. S. Rajinder Singh/Kharar 100/-
22. S. Dilbagh Singh/Satkar Properties/Mundi Kharar 1,000/-
23. S. Harjinder Singh/Kharar/Mohali 100/-
24. S. Naunihal Singh/Mundi Kharar/Mohali 500/-
25. Bibi Jasleen Kaur #1369/Sector- 40B/Chd 500/-
26. S. Surinder Singh #303/Sector- 20A/Chd 500/-
27. Bibi Harpreet Kaur #461/Sec 44A/Chd 1,000/-
28. Bibi Rajleen Kaur #836/Phase II/Mohali 500/-
29. Bibi. Harleen Kaur Sarna #107G, Shivalik Vihar Naya Goan, Mohali 500/-
30. S. Harsharnpal Singh Bhatia #461/Sec. 44A/Chd 1,000/-
31. Bibi Gurdeep Kaur #461/Sec. 44A/Chd 1,000/-
32. Bhai Balwinder Singh/ Gurdwara Patshahi Dasvi/Sec.8/Chd 1,000/-
33. Bibi Manjit Kaur Bindra #1655/Sector-34D/Chd 2,000/-
34. Col. H.S Uppal #306/Sector- 33A/Chd 70,000/-
35. Bibi Gurdeep Kaur Sarna# 3047/Sector-38D/Chd 500/-
36. S. Harjinder Singh Sachdeva # 320/Sector-46A 15,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।